ਵੀਰਵਾਰ, 4 ਜੂਨ, 2026

21 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }

ਜਿਲਦ/VOL. : 75

ਅੰਕ/NO. : 3

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 4 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# 5 ਫ਼ੀਸਦੀ ਤੋਂ ਵੱਧ ਵਧਾਈ ਫ਼ੀਸ ਵਸੂਲੀ ਜਾਵੇਗੀ : ਮਾਨ

## ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ ਵਿਰੁੱਧ ਸਰਕਾਰ ਵਿਧਾਨ ਸਭਾ 'ਚ ਦੇਸ਼ ਦਾ ਸਭ ਤੋਂ ਸਖ਼ਤ ਕਾਨੂੰਨ ਪਾਸ ਕਰੇਗੀ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ ਕ੍ਰਿਸ਼ਨ ਗਰਗ)** -ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜ਼ੀ ਨਾਲ ਫੀਸਾਂ ਵਧਾਉਣ ਦੇ ਸਿਲਸਿਲੇ ਨੂੰ ਖ਼ਤਮ ਕਰਨ ਅਤੇ ਪੰਜਾਬ ਭਰ ਦੇ ਲੱਖਾਂ ਪਰਵਾਰਾਂ ਨੂੰ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਰਾਹਤ ਦੇਣ ਦੇ ਉਦੇਸ਼ ਨਾਲ ਇਤਿਹਾਸਕ ਕਦਮ ਚੁੱਕਦਿਆਂ ਮਾਨ ਸਰਕਾਰ ਨੇ ਵਿਆਪਕ ਰੈਗੂਲੇਟਰੀ ਢਾਂਚੇ ਦਾ ਐਲਾਨ ਕੀਤਾ ਹੈ। ਇਸ ਤਹਿਤ ਸਲਾਨਾ ਫੀਸ ਵਾਧੇ 'ਤੇ 5 ਫ਼ੀਸਦੀ ਦੀ ਹੱਦ ਲਗਾਈ ਗਈ ਹੈ। ਜਿਨ੍ਹਾਂ ਸਕੂਲਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਸਾਲਾਨਾ ਹੱਦ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਵੱਲੋਂ ਵਸੂਲੀ ਗਈ ਵਾਧੂ ਫੀਸ ਵਾਪਸ ਕਰਨੀ ਲਾਜ਼ਮੀ ਕੀਤੀ ਗਈ ਹੈ ਅਤੇ ਸਖ਼ਤ ਜੁਰਮਾਨਿਆਂ ਦੀ ਵਿਵਸਥਾ ਤੋਂ ਇਲਾਵਾ ਆਖਰਕਾਰ ਸਕੂਲ ਦੀ ਮਾਨਤਾ ਤੱਕ ਰੱਦ ਕੀਤੀ ਜਾ ਸਕਦੀ ਹੈ। ਇਸ ਲਈ ਛੇਤੀ ਆਰਡੀਨੈਂਸ ਜਾਰੀ ਕੀਤਾ ਜਾਵੇਗਾ।



ਪ੍ਰਸਤਾਵਿਤ ਕਾਨੂੰਨ, ਜਿਸ ਨੂੰ ਮੁੱਖ ਮੰਤਰੀ ਮਾਨ ਨੇ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜ਼ੀ ਦੀਆਂ ਫੀਸਾਂ ਵਧਾਉਣ ਵਿਰੁੱਧ ਦੇਸ਼ ਦਾ ਸਭ ਤੋਂ ਸਖ਼ਤ ਕਾਨੂੰਨ ਕਰਾਰ ਦਿੱਤਾ ਹੈ, ਆਉਂਦੇ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਹ ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲਾਂ 'ਤੇ ਲਾਗੂ ਹੋਵੇਗਾ। ਮਹੱਤਵਪੂਰਨ ਗੱਲ ਇਹ ਹੈ ਕਿ ਪੰਜ ਫ਼ੀਸਦੀ ਦੀ ਇਹ ਹੱਦ ਸਿਰਫ਼ ਟਿਊਸ਼ਨ ਫੀਸਾਂ 'ਤੇ ਨਹੀਂ, ਸਗੋਂ ਸਕੂਲਾਂ ਦੁਆਰਾ ਇਕੱਠੇ ਕੀਤੇ ਜਾਣ ਵਾਲੇ ਸਾਰੇ ਲਾਜ਼ਮੀ ਖਰਚਿਆਂ ਅਤੇ ਫੰਡਾਂ 'ਤੇ ਵੀ ਲਾਗੂ ਹੋਵੇਗੀ, ਜਿਸ ਨਾਲ ਉਹ ਸਾਰੇ ਰਸਤੇ ਬੰਦ ਹੋ ਜਾਣਗੇ, ਜਿਨ੍ਹਾਂ ਦੀ ਵਰਤੋਂ ਸੰਸਥਾਵਾਂ ਅਕਸਰ ਮਾਪਿਆਂ 'ਤੇ ਵਾਧੂ ਖਰਚਿਆਂ ਦਾ ਬੋਝ ਪਾਉਣ ਲਈ ਕਰਦੀਆਂ ਹਨ। ਫੀਸਾਂ ਵਿੱਚ ਬੇਲਗਾਮ ਵਾਧਾ ਪਿਛਲੀ ਕਾਂਗਰਸ ਸਰਕਾਰ ਵੱਲੋਂ 2019 ਵਿੱਚ ਕੀਤੀਆਂ ਸੋਧਾਂ ਕਾਰਨ ਸੰਭਵ ਹੋਣ ਦੀ ਗੱਲ ਆਖਦਿਆਂ ਮੁੱਖ ਮੰਤਰੀ ਮਾਨ ਨੇ ਦਾਅਵਾ ਕੀਤਾ ਕਿ ਨਵਾਂ ਕਾਨੂੰਨ ਸਿੱਖਿਆ ਖੇਤਰ ਵਿੱਚ ਜਵਾਬਦੇਹੀ ਬਹਾਲ ਕਰੇਗਾ, ਮਾਪਿਆਂ ਨੂੰ ਲੁੱਟ-ਖਸੁੱਟ ਤੋਂ ਬਚਾਏਗਾ ਅਤੇ ਸਕੂਲ ਫੀਸਾਂ ਨੂੰ ਲੈ ਕੇ ਬੱਚਿਆਂ ਤੇ ਪਰਵਾਰਾਂ ਦੀ ਹੁੰਦੀ ਮਾਨਸਿਕ ਪਰੇਸ਼ਾਨੀ ਨੂੰ ਹਮੇਸ਼ਾ ਲਈ ਖ਼ਤਮ ਕਰੇਗਾ।

'ਐਕਸ' 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ, 'ਅੰਮ੍ਰਿਤਸਰ ਵਿੱਚ ਵਾਪਰੀ ਦੁਖਦਾਈ ਘਟਨਾ ਤੋਂ ਬਾਅਦ ਮੈਨੂੰ ਪਿਛਲੇ 24 ਘੰਟਿਆਂ ਦੌਰਾਨ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜ਼ੀ ਦੀਆਂ ਫੀਸਾਂ ਵਧਾਉਣ ਦੇ ਸੰਬੰਧ ਵਿੱਚ ਮਾਪਿਆਂ ਦੇ ਸੈਂਕੜੇ ਫੋਨ ਆਏ ਹਨ। ਸਾਡੇ ਬੱਚਿਆਂ ਦੇ ਭਵਿੱਖ ਅਤੇ ਮਾਪਿਆਂ ਨੂੰ ਹੋ ਰਹੀ ਭਾਰੀ ਪਰੇਸ਼ਾਨੀ ਨੂੰ ਮੁੱਖ ਰੱਖਦਿਆਂ ਤੁਹਾਡੀ ਸਰਕਾਰ ਨੇ ਬਹੁਤ ਹੀ ਮਹੱਤਵਪੂਰਨ ਅਤੇ ਸਖ਼ਤ ਫੈਸਲਾ ਲਿਆ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਾਈਵੇਟ ਅਨਏਡਿਡ (ਗੈਰ-ਸਹਾਇਤਾ ਪ੍ਰਾਪਤ) ਸਕੂਲਾਂ ਦਾ ਫੀਸ ਢਾਂਚਾ ਇਸ ਵੇਲੇ 'ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ, 2016' ਅਧੀਨ ਆਉਂਦਾ ਹੈ, ਜਿਸ ਵਿੱਚ 2019 ਵਿੱਚ ਸੋਧ ਕੀਤੀ ਗਈ ਸੀ, ਪਰ ਪਿਛਲੀਆਂ ਸਰਕਾਰਾਂ ਇਸ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਨਾਕਾਮ ਰਹੀਆਂ, ਜਿਸ ਕਾਰਨ ਸਕੂਲਾਂ ਨੂੰ ਮਾਪਿਆਂ 'ਤੇ ਫੀਸ ਵਾਧੇ ਦਾ ਬੋਝ ਪਾਉਣ ਦੀ ਖੁੱਲ੍ਹ ਮਿਲੀ।

ਮੁੱਖ ਮੰਤਰੀ ਨੇ ਕਿਹਾ ਕਿ ਫੀਸਾਂ ਦੇ ਵਾਧੇ ਨਾਲ ਸੰਬੰਧਤ ਸਾਰੀਆਂ ਲੰਬਿਤ ਸ਼ਿਕਾਇਤਾਂ ਦੀ ਹੁਣ ਜਾਂਚ ਕੀਤੀ ਜਾਵੇਗੀ ਅਤੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਰੈਗੂਲੇਟਰੀ ਬਾਡੀ ਬਹੁਤ ਜ਼ਿਆਦਾ ਫੀਸ ਵਾਧੇ 'ਤੇ ਤਿੱਖੀ ਨਜ਼ਰ ਰੱਖੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਫੀਸਾਂ ਵਿੱਚ ਕੋਈ ਵੀ ਵਾਧਾ ਅਸਲ ਖ਼ਰਚੇ ਜਾਂ ਵਿਕਾਸ ਗਤੀਵਿਧੀਆਂ ਦੇ ਅਧਾਰ 'ਤੇ ਜਾਇਜ਼ ਹੋਵੇ ਅਤੇ ਇਸ ਦਾ ਨਤੀਜਾ ਮੁਨਾਫ਼ਾਖੋਰੀ ਦੇ ਰੂਪ ਵਿੱਚ ਨਾ ਨਿਕਲੇ। ਇਹ ਬਾਡੀ ਇਹ ਵੀ ਯਕੀਨੀ ਬਣਾਏਗੀ ਕਿ ਵਿਦਿਆਰਥੀਆਂ ਤੋਂ ਇਕੱਠੇ ਕੀਤੇ ਫੰਡ ਕਿਸੇ ਹੋਰ ਮਕਸਦ ਲਈ ਨਾ ਵਰਤੇ ਜਾਣ। ਗੰਭੀਰ ਉਲੰਘਣਾਵਾਂ ਦੇ ਮਾਮਲਿਆਂ ਵਿੱਚ ਸਕੂਲਾਂ ਨੂੰ ਜੁਰਮਾਨੇ, ਮਾਨਤਾ ਜਾਂ ਐਫੀਲੀਏਸ਼ਨ ਰੱਦ ਕੀਤੇ ਜਾਣ ਅਤੇ ਵਿਦਿਆਰਥੀਆਂ ਤੋਂ ਇਕੱਠੀ ਕੀਤੀ ਵਾਧੂ ਫੀਸ ਵਾਪਸ ਕਰਨ ਦੇ ਹੁਕਮਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਬਿੱਟੂ ਵਜ਼ੀਰੀ ਤੇ ਸਾਂਸਦੀ ਗੁਆਏਗਾ

-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੰਕਸ਼ਾਫ ਕੀਤਾ ਹੈ ਕਿ ਭਾਜਪਾ ਹਾਈਕਮਾਨ ਨੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਵਿਧਾਨ ਸਭਾ ਚੋਣ ਲੜ ਕੇ ਅਤੇ ਜਿੱਤ ਕੇ ਆਪਣੀ ਸਿਆਸੀ ਸਮਰੱਥਾ ਸਾਬਤ ਕਰਨ ਲਈ ਕਿਹਾ ਹੈ। ਇਸੇ ਲਈ ਉਹ ਕਹਿ ਰਿਹਾ ਹੈ ਕਿ 'ਬਹੁਤ ਹੋ ਗਈ ਰਾਜ ਸਭਾ ਤੇ ਲੋਕ ਸਭਾ।' ਉਧਰ ਬਿੱਟੂ ਨੇ ਕਿਹਾ ਹੈ ਕਿ ਉਨ੍ਹਾ ਦਿੱਲੀ ਤੋਂ ਪੰਜਾਬ ਆਉਣ ਲਈ ਸਮਾਨ ਪੈਕ ਕਰ ਲਿਆ ਹੈ।

# ਲਾਲਚ ਤੇ ਸਰਕਾਰੀ ਲਾਪ੍ਰਵਾਹੀ ਨੇ ਲਈਆਂ 20 ਤੋਂ ਵੱਧ ਜਾਨਾਂ



**ਨਵੀਂ ਦਿੱਲੀ (ਨ ਜ਼ ਸ) :** ਬੁੱਧਵਾਰ ਸਵੇਰੇ ਦੱਖਣੀ ਦਿੱਲੀ ਦੇ ਮਾਲਵੀਆ ਨਗਰ ਵਿੱਚ ਰੈਸਟੋਰੈਂਟ ਵਿੱਚ ਲੱਗੀ ਅੱਗ ਨਾਲ ਘੱਟੋ-ਘੱਟ 21 ਵਿਅਕਤੀਆਂ ਦੀ ਮੌਤ ਹੋ ਗਈ ਤੇ 27 ਜ਼ਖਮੀ ਹੋ ਗਏ। ਮ੍ਰਿਤਕਾਂ ਵਿੱਚ ਭਾਰਤੀ ਅਤੇ ਵਿਦੇਸ਼ੀ ਨਾਗਰਿਕ ਦੋਵੇਂ ਸ਼ਾਮਲ ਹਨ। ਕਈ ਪੀੜਤ ਬੰਗਲਾਦੇਸ਼ ਅਤੇ ਅਫਰੀਕੀ ਦੇਸ਼ਾਂ ਦੇ ਨਾਗਰਿਕ ਸਨ। ਚਸ਼ਮਦੀਦਾਂ ਦੀਆਂ ਵੀਡੀਓਜ਼ ਵਿੱਚ ਹੌਲਨਾਕ ਦ੍ਰਿਸ਼ ਦਿਖਾਈ ਦਿੱਤੇ, ਜਿਸ ਵਿੱਚ ਕੁਝ ਲੋਕ ਬਚਣ ਲਈ ਬਲਦੀ ਇਮਾਰਤ ਤੋਂ ਛਾਲ ਮਾਰ ਰਹੇ ਸਨ। ਇਸ ਅਰਾਜਕਤਾ ਨੂੰ ਦੇਖ ਕੇ ਸਥਾਨਕ ਵਸਨੀਕਾਂ ਨੇ ਉਨ੍ਹਾਂ ਦੇ ਡਿੱਗਣ ਨੂੰ ਸੌਖਾ ਬਣਾਉਣ ਲਈ ਜ਼ਮੀਨ 'ਤੇ ਗੱਦੇ ਵਿਛਾ ਦਿੱਤੇ। ਇਸ ਮੁਹਿੰਮ ਦੌਰਾਨ ਕਰੀਬ 40 ਲੋਕਾਂ ਨੂੰ ਬਚਾਇਆ ਗਿਆ, ਜਦਕਿ ਕਈਆਂ ਨੂੰ ਬੇਸਮੈਂਟ ਵਿੱਚੋਂ ਬਾਹਰ ਕੱਢਿਆ ਗਿਆ। ਇਮਾਰਤ ਨੂੰ ਦਿੱਲੀ ਸਰਕਾਰ ਦੀ ਬੈੱਡ-ਐਂਡ-ਬ੍ਰੇਕਫਾਸਟ ਨੀਤੀ ਤਹਿਤ ਸਿਰਫ ਛੇ ਕਮਰਿਆਂ ਲਈ ਇਜਾਜ਼ਤ ਦਿੱਤੀ ਗਈ ਸੀ, ਪਰ ਕਥਿਤ ਤੌਰ 'ਤੇ ਇਸ ਦਾ ਵਿਸਤਾਰ ਕਰਕੇ 25 ਕਮਰੇ ਬਣਾ ਲਏ ਗਏ ਸਨ। ਹੁਣ ਸੁਰੱਖਿਆ ਨਿਯਮਾਂ ਦੀ ਪਾਲਣਾ ਅਤੇ ਨਿਗਰਾਨੀ ਪ੍ਰਣਾਲੀਆਂ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

39 ਪੀੜਤਾਂ ਨੂੰ ਮੈਕਸ ਹਸਪਤਾਲ ਸਾਕੇਤ ਵਿਖੇ ਲਿਆਂਦਾ ਗਿਆ, ਜਿਨ੍ਹਾਂ ਵਿੱਚੋਂ 18 ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੰਦਰਾਂ ਮਰੀਜ਼ ਇੰਟੈਂਸਿਵ ਕੇਅਰ ਵਿੱਚ ਦਾਖਲ ਹਨ, ਜਿਨ੍ਹਾਂ ਵਿੱਚੋਂ ਅੱਠ ਵੈਂਟੀਲੇਟਰ ਸਪੋਰਟ 'ਤੇ ਹਨ ਅਤੇ ਗੰਭੀਰ ਸਥਿਤੀ ਵਿੱਚ ਹਨ। ਸੜਨ ਦੇ

• ਬਾਕੀ ਸਫਾ 2 'ਤੇ

## ਐਡਵੋਕੇਟ ਸ਼ੁਗਲੀ ਦੀ ਪਹਿਲੀ ਬਰਸੀ ਭਲਕੇ



**ਜਲੰਧਰ (ਗਿਆਨ ਸੈਦਪੁਰੀ)**-'ਨਵਾਂ ਜ਼ਮਾਨਾ' ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ ਦੇ ਸਕੱਤਰ ਅਤੇ 'ਨਵਾਂ ਜ਼ਮਾਨਾ' ਦੇ ਪ੍ਰਿੰਟਰ ਤੇ ਪਬਲਿਸ਼ਰ ਰਹੇ ਮਰਹੂਮ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਪਹਿਲੀ ਬਰਸੀ 5 ਜੂਨ (ਸ਼ੁੱਕਰਵਾਰ) ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਬਣੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਈ ਜਾਵੇਗੀ। ਗਿਆਰਾਂ ਵਜੇ ਤੋਂ ਇੱਕ ਵਜੇ ਤੱਕ ਹੋਣ ਵਾਲੇ ਇਸ ਸਮਾਗਮ ਵਿੱਚ ਐਡਵੋਕੇਟ ਸ਼ੁਗਲੀ ਦੇ ਸਨੇਹੀ, ਪ੍ਰਵਾਰਕ ਮੈਂਬਰ, ਕਮਿਊਨਿਸਟ ਆਗੂ, ਸਾਹਿਤਕਾਰ ਤੇ ਵਿਦਵਾਨ ਉਨ੍ਹਾ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਚਾਨਣਾ ਪਾਉਣਗੇ। ਬਰਸੀ ਸਮਾਗਮ ਦੀ ਸਮਾਪਤੀ 'ਤੇ ਸਾਰੇ ਜਣੇ ਮਿਲ ਕੇ ਪ੍ਰੀਤੀ ਭੋਜ ਕਰਨਗੇ। ਇਹ ਸੂਚਨਾ ਗੁਰਮੀਤ ਸਿੰਘ ਸ਼ੁਗਲੀ ਯਾਦਗਾਰੀ ਟਰੱਸਟ ਦੇ ਸਰਪ੍ਰਸਤ ਬੀਬੀ ਮਹਿੰਦਰ ਕੌਰ ਤੇ ਉਨ੍ਹਾ ਦੇ ਪੁੱਤਰ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਦਿੱਤੀ।

## ਹਿਮਾਚਲ ਤੋਂ ਆਉਣ ਵਾਲੇ ਵਾਹਨਾਂ 'ਤੇ 'ਖਾਲਸਾ ਟੈਕਸ'

**ਕੀਰਤਪੁਰ (ਨ ਜ਼ ਸ)**-ਹਿਮਾਚਲ ਸਰਕਾਰ ਵੱਲੋਂ ਸਰਹੱਦੀ ਇਲਾਕਿਆਂ ਵਿੱਚ ਲਗਾਏ ਗਏ ਐਂਟਰੀ ਟੈਕਸਾਂ ਦੇ ਮੁਕਾਬਲੇ ਨਿਹੰਗ ਸਿੰਘ ਜਥੇਬੰਦੀਆਂ ਨੇ ਬੁੱਧਵਾਰ ਕੀਰਤਪੁਰ-ਮਨਾਲੀ ਨੈਸ਼ਨਲ ਹਾਈਵੇ 'ਤੇ 'ਖਾਲਸਾ ਟੈਕਸ' ਲਾਉਣਾ ਸ਼ੁਰੂ ਕਰ ਦਿੱਤਾ। ਗਰਾਂ ਮੋੜਾ ਟੋਲ ਪਲਾਜ਼ਾ ਕੋਲ ਬਾਬਾ ਅੱਛਰ ਸਿੰਘ ਮਹਾਕਾਲ ਦੀ ਅਗਵਾਈ ਹੇਠ ਇਹ ਕਾਰਵਾਈ ਕੀਤੀ ਗਈ। ਨਿਹੰਗਾਂ ਨੇ ਕੋਈ ਨਿਸ਼ਚਿਤ ਰਕਮ ਤੈਅ ਨਹੀਂ ਕੀਤੀ ਅਤੇ ਵਾਹਨ ਚਾਲਕਾਂ ਦੀ ਇੱਛਾ ਅਨੁਸਾਰ 10, 20, 50 ਜਾਂ 100 ਰੁਪਏ ਦਾ ਯੋਗਦਾਨ ਲਿਆ। ਜਥੇਬੰਦੀਆਂ ਦਾ ਕਹਿਣਾ ਹੈ ਕਿ ਇਕੱਠੀ ਕੀਤੀ ਰਕਮ ਸਰਬੱਤ ਦੇ ਭਲੇ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਵਰਤੀ ਜਾਵੇਗੀ। ਬਾਬਾ ਅੱਛਰ ਸਿੰਘ ਮਹਾਕਾਲ ਨੇ ਕਿਹਾ ਕਿ ਇਹ 'ਖਾਲਸਾ ਟੈਕਸ' ਮੁਹਿੰਮ ਹਿਮਾਚਲ ਸਰਕਾਰ ਨੂੰ ਜਗਾਉਣ ਲਈ ਇੱਕ ਸੰਕੇਤਕ ਕਦਮ ਹੈ।

## ਕੇਵਲ ਢਿੱਲੋਂ ਨੇ ਅਹੁਦਾ ਸੰਭਾਲਿਆ

**ਚੰਡੀਗੜ੍ਹ (ਨ ਜ਼ ਸ) :** ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਬੁੱਧਵਾਰ ਸੈਕਟਰ 37 ਸਥਿਤ ਸੂਬਾਈ ਦਫਤਰ ਵਿਖੇ ਆਪਣਾ ਅਹੁਦਾ ਸਾਂਭ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਰਾਜਸਭਾ ਮੈਂਬਰ ਸਤਨਾਮ ਸਿੰਘ ਸੰਧੂ, ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਸਣੇ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਮੌਜੂਦ ਰਹੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਢਿੱਲੋਂ ਨੂੰ ਪ੍ਰਧਾਨ ਬਣਾਏ ਜਾਣ 'ਤੇ ਚੁੱਕੇ ਗਏ ਸਵਾਲਾਂ ਤੋਂ ਕੁਝ ਦਿਨਾਂ ਬਾਅਦ, ਉਨ੍ਹਾ ਦੀ ਪਤਨੀ ਪਰਨੀਤ ਕੌਰ ਨੇ ਨਵੇਂ ਪ੍ਰਧਾਨ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ। ਸਟੇਜ 'ਤੇ ਲੱਗੀ ਇੱਕ ਵੱਡੀ ਫ਼ਲੈਕਸ ਸ਼ੀਟ ਵਿੱਚ ਤਰੁਣ ਚੁੱਘ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਪ੍ਰਮੁੱਖਤਾ ਨਾਲ ਲਗਾਈ ਗਈ ਸੀ। ਇਸ ਤੋਂ ਲੱਗਦਾ ਹੈ ਕਿ ਮੱਤਭੇਦਾਂ ਦੇ ਬਾਵਜੂਦ ਪਾਰਟੀ ਕੈਪਟਨ ਨੂੰ ਕਿੰਨੀ ਅਹਿਮੀਅਤ ਦੇ ਰਹੀ ਹੈ।

## ਈਰਾਨ ਨੇ ਕੁਵੈਤ ਨੂੰ ਨਿਸ਼ਾਨਾ ਬਣਾਇਆ, ਇੱਕ ਭਾਰਤੀ ਦੀ ਮੌਤ



**ਦੁਬਈ (ਨ ਜ਼ ਸ)**- ਅਮਰੀਕੀ ਫੌਜ ਦੀ ਕੇਂਦਰੀ ਕਮਾਂਡ ਮੁਤਾਬਕ ਈਰਾਨ ਨੇ ਕੁਵੈਤ ਅਤੇ ਬਹਿਰੀਨ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਈਲਾਂ ਦਾਗੀਆਂ, ਜਿਹੜੀਆਂ ਨਿਸ਼ਾਨੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਨਾਕਾਮ ਕਰ ਦਿੱਤੀਆਂ ਗਈਆਂ। ਜਵਾਬੀ ਕਾਰਵਾਈ ਵਜੋਂ ਅਮਰੀਕੀ ਫੌਜ ਨੇ ਹਾਰਮੁਜ਼ ਜਲਡਮਰੂ ਨੇੜੇ ਸਥਿਤ ਕੁਰੈਸ਼ਮ ਟਾਪੂ 'ਤੇ ਬਣੇ ਈਰਾਨੀ ਮਿਲਟਰੀ ਗਰਾਊਂਡ ਕੰਟਰੋਲ ਸਟੇਸ਼ਨ ਨੂੰ ਹਵਾਈ ਹਮਲਿਆਂ ਰਾਹੀਂ ਤਬਾਹ ਕਰ ਦਿੱਤਾ ਹੈ। ਇਸੇ ਦਰਮਿਆਨ ਕੁਵੈਤ ਵਿੱਚ ਭਾਰਤੀ ਅੰਬੈਸੀ ਨੇ ਕਿਹਾ ਹੈ ਕਿ ਕੁਵੈਤ ਦੇ ਹਵਾਈ ਅੱਡੇ 'ਤੇ ਹੋਏ ਹਮਲੇ ਕਾਰਨ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ। ਹਮਲੇ ਵਿੱਚ 63 ਲੋਕ ਜ਼ਖਮੀ ਹੋਏ ਹਨ।

## ਸੰਜੇ ਗੁਪਤਾ ਨੂੰ ਅਹਿਮ ਅਹੁਦਾ



**ਚੰਡੀਗੜ੍ਹ (ਨ ਜ਼ ਸ)** - ਹਿਮਾਚਲ ਦੇ ਸਾਬਕਾ ਮੁੱਖ ਸਕੱਤਰ ਸੰਜੇ ਗੁਪਤਾ ਨੂੰ 'ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ' ਦਾ ਨਵਾਂ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। 31 ਮਈ ਨੂੰ ਰਿਟਾਇਰ ਹੋਏ ਗੁਪਤਾ ਕੋਲ ਲੋਕ ਪ੍ਰਸ਼ਾਸਨ ਅਤੇ ਊਰਜਾ ਖੇਤਰ ਦੇ ਪ੍ਰਬੰਧਨ ਦਾ ਲੰਮਾ ਤਜਰਬਾ ਹੈ।

## ਖਾਨ ਸਰ ਦੇ ਇੰਸਟੀਚਿਊਟ 'ਤੇ ਹਮਲਾ

**ਪਟਨਾ (ਨ ਜ਼ ਸ)**- ਇੱਥੇ 'ਖਾਨ ਸਰ' ਦੇ ਨਾਂਅ ਨਾਲ ਮਸ਼ਹੂਰ ਸਿੱਖਿਆ ਸ਼ਾਸਤਰੀ ਫੈਜ਼ਲ ਖਾਨ ਦੇ ਗਲੋਬਲ ਕੋਚਿੰਗ ਇੰਸਟੀਚਿਊਟ 'ਚ ਮੰਗਲਵਾਰ ਰਾਤ ਕਰੀਬ ਸਵਾ 10 ਵਜੇ ਭੰਨ-ਤੋੜ ਕੀਤੀ ਗਈ। ਉਨ੍ਹਾ ਇਹ ਦਾਅਵਾ ਵੀ ਕੀਤਾ ਕਿ ਗੋਲੀਬਾਰੀ ਕੀਤੀ ਗਈ ਪਰ ਪੁਲਸ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਸਿਟੀ ਐੱਸ ਪੀ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਟਨਾ ਵਿੱਚ ਇੱਕ ਹੋਰ ਕੋਚਿੰਗ ਇੰਸਟੀਚਿਊਟ ਨਾਲ ਜੁੜੇ ਕਰੀਬ 15 ਤੋਂ 20 ਲੋਕ ਇਸ ਪੱਥਰਬਾਜ਼ੀ ਅਤੇ ਭੰਨ-ਤੋੜ ਦੀ ਘਟਨਾ ਵਿੱਚ ਸ਼ਾਮਲ ਸਨ। ਘਟਨਾ ਤੋਂ ਬਾਅਦ ਖਾਨ ਸਰ ਨੇ ਪੱਤਰਕਾਰਾਂ ਨੂੰ ਦੱਸਿਆ, "ਨੇੜਲੇ ਕੋਚਿੰਗ ਸੈਂਟਰ ਦੇ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਵੱਡੇ ਪੱਧਰ 'ਤੇ ਨੁਕਸਾਨ ਕੀਤਾ, ਸਾਡੇ ਗਾਰਡ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਗੋਲੀਆਂ ਵੀ ਚਲਾਈਆਂ, ਜਿਨ੍ਹਾਂ ਦਾ ਮੁੱਖ ਰੋਸ ਇਹ ਹੈ ਕਿ ਕੋਈ ਇੰਨੇ ਘੱਟ ਖਰਚੇ ਵਿੱਚ ਵਿਦਿਆਰਥੀਆਂ ਨੂੰ ਕਿਵੇਂ ਪੜ੍ਹਾ ਸਕਦਾ ਹੈ ਅਤੇ ਫਿਰ ਵੀ ਹਰ ਸਾਲ ਹਜ਼ਾਰਾਂ ਨਤੀਜੇ ਕਿਵੇਂ ਦੇ ਸਕਦਾ ਹੈ।"

## ਸ਼ਿਵ ਕੁਮਾਰ ਵਜ਼ਾਰਤ 'ਚ ਇੱਕ ਉਪ ਮੁੱਖ ਮੰਤਰੀ



**ਬੇਂਗਲੂਰੂ (ਨ ਜ਼ ਸ)**-ਡੀ ਕੇ ਸ਼ਿਵਕੁਮਾਰ ਨੇ ਬੁੱਧਵਾਰ ਹੱਥ ਵਿੱਚ ਸੰਵਿਧਾਨ ਫੜ ਕੇ ਕਰਨਾਟਕ ਦੇ 24ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾ ਤੋਂ ਬਾਅਦ ਜੀ. ਪਰਮੇਸ਼ਵਰ ਨੇ ਉਪ ਮੁੱਖ ਮੰਤਰੀ ਅਤੇ ਬਾਰਾਂ ਹੋਰ ਵਿਧਾਇਕਾਂ ਨੇ ਮੰਤਰੀਆਂ ਵਜੋਂ ਸਹੁੰ ਚੁੱਕੀ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਸਿੱਧਾਰਮਈਆ ਦੇ ਪੁੱਤਰ ਯਤਿੰਦਰ ਸਿੱਧਾਰਮਈਆ ਐੱਮ ਐੱਲ ਸੀ ਸ਼ਾਮਲ ਹਨ।

## ਕਾਕਰੋਚ ਜਨਤਾ ਪਾਰਟੀ ਨੇ ਤਿੰਨ ਬੁਲਾਰੇ ਐਲਾਨੇ

**ਨਵੀਂ ਦਿੱਲੀ (ਨ ਜ਼ ਸ)** - ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਆਪਣੇ ਸੰਗਠਨ ਦੇ ਵਿਸਤਾਰ ਲਈ ਵੱਡਾ ਕਦਮ ਚੁੱਕਦਿਆਂ ਤਿੰਨ ਬੁਲਾਰਿਆਂ ਦੀ ਨਿਯੁਕਤੀ ਕੀਤੀ ਹੈ। ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਮੁਤਾਬਕ ਖੋਜੀ ਪੱਤਰਕਾਰ ਸੌਰਵ ਦਾਸ ਨੂੰ ਮੁੱਖ ਬੁਲਾਰਾ ਬਣਾਇਆ ਗਿਆ ਹੈ। ਉੱਥੇ ਹੀ ਸਿਆਸੀ ਖੋਜਕਰਤਾ ਤੇ ਫਿਲਮ ਨਿਰਮਾਤਾ ਵਿਜੇਤਾ ਦਹੀਆ ਅਤੇ ਸਾਬਕਾ ਪ੍ਰਬੰਧਨ ਸਲਾਹਕਾਰ ਆਸ਼ੂਤੋਸ਼ ਰਾਂਕਾ ਮੀਡੀਆ ਤੇ ਜਨਤਕ ਮੰਚਾਂ 'ਤੇ ਸੰਗਠਨ ਦੀ ਨੁਮਾਇੰਦਗੀ ਕਰਨਗੇ।

ਪਾਰਟੀ ਨੇ ਕਿਹਾ ਹੈ ਕਿ ਉਸ ਦਾ ਉਦੇਸ਼ ਭਾਰਤ ਦੀ ਸਿਆਸੀ ਚਰਚਾ ਵਿੱਚ ਬਦਲਾਅ ਲਿਆਉਣਾ ਹੈ ਅਤੇ ਇਹ ਜ਼ਿੰਮੇਵਾਰੀ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਰਾਹੀਂ ਅੱਗੇ ਵਧਾਈ ਜਾਵੇਗੀ। ਸੌਰਵ ਦਾਸ ਕਾਨੂੰਨੀ, ਨਿਆਂਇਕ ਅਤੇ ਸਮਾਜਿਕ ਮੁੱਦਿਆਂ 'ਤੇ ਲੰਬੇ ਸਮੇਂ ਤੋਂ ਪੱਤਰਕਾਰੀ ਕਰ ਰਹੇ ਹਨ। ਸੰਗਠਨ ਨੇ ਉਨ੍ਹਾ ਨੂੰ ਨਵੰਬਰ 2025 ਵਿੱਚ ਇੰਡੀਆ ਗੇਟ 'ਤੇ ਆਯੋਜਤ ਪ੍ਰਦੂਸ਼ਣ ਵਿਰੋਧੀ ਪ੍ਰਦਰਸ਼ਨਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਸਿਹਰਾ ਵੀ ਦਿੱਤਾ ਹੈ। ਵਿਜੇਤਾ ਦਹੀਆ ਸਿਆਸੀ ਖੋਜ, ਲੇਖਣ ਅਤੇ ਫਿਲਮ ਨਿਰਮਾਣ ਨਾਲ ਜੁੜੇ ਰਹੇ ਹਨ। ਉਨ੍ਹਾ ਕਈ ਯੂਟਿਊਬ ਕੰਟੈਂਟ ਕ੍ਰਿਏਟਰਾਂ ਲਈ ਖੋਜ ਤੇ ਕੰਟੈਂਟ ਪ੍ਰੋਡਕਸ਼ਨ ਦਾ ਕੰਮ ਕੀਤਾ ਹੈ। ਦਿੱਲੀ ਟੈਕਨੋਲੋਜੀਕਲ ਯੂਨੀਵਰਸਿਟੀ ਤੋਂ ਗ੍ਰੈਜੂਏਟ ਦਹੀਆ 'ਪਾਵਰ ਆਫ ਯੂਨੀਵਰਸ' ਅਤੇ 'ਟੂ ਹੈਲ ਵਿਦ ਦੈਟ ਜੌਬ' ਵਰਗੀਆਂ ਕਿਤਾਬਾਂ ਦੇ ਲੇਖਕ ਵੀ ਹਨ। ਆਸ਼ੂਤੋਸ਼ ਰਾਂਕਾ ਆਈ ਆਈ ਟੀ ਕਾਨਪੁਰ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਦੇ ਸਾਬਕਾ ਵਿਦਿਆਰਥੀ ਹਨ। ਉਹ ਪਹਿਲਾਂ ਗਲੋਬਲ ਕੰਸਲਟਿੰਗ ਕੰਪਨੀ ਦੇ ਲੰਡਨ ਦਫਤਰ ਵਿੱਚ ਕਾਰਜਸ਼ੀਲ ਸਨ। ਭਾਰਤ ਪਰਤਣ ਤੋਂ ਬਾਅਦ ਉਹ ਜੈਪੁਰ ਵਿੱਚ ਵਾਤਾਵਰਣ, ਸਿੱਖਿਆ ਅਤੇ ਨੌਜਵਾਨਾਂ ਨਾਲ ਜੁੜੀਆਂ ਮੁਹਿੰਮਾਂ ਵਿੱਚ ਸਰਗਰਮ ਰਹੇ ਹਨ।

ਇਨ੍ਹਾਂ ਨਿਯੁਕਤੀਆਂ ਦਾ ਐਲਾਨ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਅਭਿਜੀਤ ਦੀਪਕੇ 6 ਜੂਨ ਨੂੰ ਭਾਰਤ ਪਰਤਣ ਵਾਲੇ ਹਨ। ਉਨ੍ਹਾ ਦਿੱਲੀ ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਪ੍ਰਦਰਸ਼ਨ ਦੌਰਾਨ ਪੇਪਰ ਲੀਕ ਅਤੇ ਸਿੱਖਿਆ ਪ੍ਰਣਾਲੀ ਦੀਆਂ ਖਾਮੀਆਂ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਕੀਤੀ ਜਾਵੇਗੀ।

## ਸੱਸ-ਨੂੰਹ ਗੁੱਥਮਗੁੱਥਾ



**ਮੋਗਾ (ਨ ਜ਼ ਸ)** - ਧਰਮਕੋਟ ਵਿੱਚ ਇੱਕ ਘਰ ਅੰਦਰ ਸੱਸ ਅਤੇ ਨੂੰਹ ਵਿਚਾਲੇ ਹੋਈ ਭਿਆਨਕ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਣ ਤੋਂ ਬਾਅਦ ਮਾਮਲਾ ਪੁਲਸ ਤੱਕ ਪਹੁੰਚ ਗਿਆ ਹੈ। ਵੀਡੀਓ ਵਿੱਚ ਦੋਵੇਂ ਇੱਕ-ਦੂਜੇ ਨੂੰ ਵਾਲਾਂ ਤੋਂ ਫੜ ਕੇ ਖਿੱਚਦੀਆਂ, ਫਰਸ਼ 'ਤੇ ਪਟਕਦੀਆਂ ਅਤੇ ਲੱਤਾਂ-ਮੁੱਕਿਆਂ ਦੀ ਬਾਰਸ਼ ਕਰਦੀਆਂ ਦਿਖਾਈ ਦੇ ਰਹੀਆਂ ਹਨ। ਇਸ 'ਕੁਸ਼ਤੀ' ਦਾ ਇੱਕ-ਇੱਕ ਪਲ ਘਰ ਦੇ ਕੈਮਰੇ ਵਿੱਚ ਰਿਕਾਰਡ ਹੋ ਗਿਆ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀ ਸੀ ਟੀ ਵੀ ਫੁਟੇਜ ਨੇ ਕੇਸ ਸੁਲਝਾਉਣ ਲਈ ਅਹਿਮ ਸਬੂਤ ਦਾ ਕੰਮ ਕੀਤਾ ਹੈ, ਨਹੀਂ ਤਾਂ ਅ ਿ ਜ ਹ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਹੋਟਲ ਦਿੱਲੀ ਦਾ ਅੱਗ ਦੇ ਨਾਲ ਸੜਿਆ,
ਚਰਚੇ ਚੱਲ ਪਏ ਨਾਲ ਫਿਰ ਬੜੇ ਮੀਆਂ।
ਗਿਣਤੀ ਲਾਸ਼ਾਂ ਦੀ ਹੁੰਦੀ ਸੀ ਇੱਕ ਪਾਸੇ,
ਜ਼ਖਮੀ ਕਈ ਨੇ ਦੁੱਖਾਂ ਨਾਲ ਫੜੇ ਮੀਆਂ।
ਗੈੱਸਟ ਹਾਊਸ ਦਾ ਸਿਰਫ ਲਸੰਸ ਸੀਗਾ,
ਹੋਟਲ ਵਾਲੇ ਸੀ ਰੂਲ ਕਿੰਜ ਘੜੇ ਮੀਆਂ।
ਚੱਕਰ ਲਾਉਣ ਜਾਂ ਦੇਣ ਬਿਆਨ ਪਹੁੰਚੇ,
ਰਾਜਸੀ ਲੀਡਰਾਂ ਦੇ ਬਾਹਲੇ ਧੜੇ ਮੀਆਂ।
ਦੇਸ਼ ਵਿੱਚ ਤਾਂ ਹਰ ਕੋਈ ਚੀਜ਼ ਮਹਿੰਗੀ,
ਸਸਤੀ ਹੋਈ ਇਨਸਾਨ ਦੀ ਜਾਨ ਮੀਆਂ।
ਨੇਮ ਕਾਨੂੰਨ ਆ ਸਮਝਿਆ ਟਿੱਚ ਜਾਂਦਾ,
ਸੋਹਣਾ ਸਾਰਿਆਂ ਤੋਂ ਹਿੰਦੁਸਤਾਨ ਮੀਆਂ।

-ਤੀਸ ਮਾਰ ਖਾਂ

## ਚੀਮਾ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ ਕ੍ਰਿਸ਼ਨ ਗਰਗ)**

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਿ ਸੂਬੇ ਦੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਬੁੱਧਵਾਰ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਜਾਇਜ਼ ਮੰਗਾਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਲਈ ਉੱਚ ਪੱਧਰੀ ਮੀਟਿੰਗਾਂ ਦੀ ਲੜੀ ਦੀ ਪ੍ਰਧਾਨਗੀ ਕੀਤੀ।ਉਨ੍ਹਾ ਸੰਬੰਧਤ ਵਿਭਾਗਾਂ ਦੇ ਪ੍ਰਬੰਧਕੀ ਮੁਖੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਜਾਰੀ ਕਰਦਿਆਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਬਾਰੀਕੀ ਨਾਲ ਪੜਤਾਲ ਕਰਨ ਅਤੇ ਜਲਦੀ ਤੋਂ ਜਲਦੀ ਇਨ੍ਹਾਂ ਦਾ ਹੱਲ ਯਕੀਨੀ ਬਣਾਉਣ ਦੀ ਹਦਾਇਤ ਕੀਤੀ।ਵਿੱਤ ਮੰਤਰੀ ਨੇ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ, ਬਾਜ਼ੀਗਰ ਵਣਜਾਰਾ ਸਮਾਜ ਸੰਘਰਸ਼ ਕਮੇਟੀ, ਕੰਪਿਊਟਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਚਰਚਾ ਕੀਤੀ। ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਨੇ ਇੱਕ ਵਿਸਥਾਰਤ ਮੰਗ ਪੱਤਰ ਸੌਂਪਿਆ, ਜਿਸ ਵਿੱਚ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਦਰਪੇਸ਼ ਸਾਂਝੇ ਮਸਲਿਆਂ ਨੂੰ ਉਜਾਗਰ ਕੀਤਾ ਗਿਆ।



## ਜਨਮ ਦਿਨ ਮੌਕੇ ਸਹਾਇਤਾ



ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਦੇ ਦੋਹਤੇ, ਰਾਜਨਰਿੰਦਰ ਕੌਰ ਤੇ ਰਛਪਾਲ ਸਿੰਘ ਖੰਘੂੜਾ ਦੇ ਸਪੁੱਤਰ **ਰਣਦੀਪ ਸਿੰਘ** ਦੇ 25ਵੇਂ ਜਨਮ ਦਿਨ ਮੌਕੇ ਪਰਵਾਰ ਵੱਲੋਂ ਕਾਮਰੇਡ ਜਤਿੰਦਰ ਪਨੂੰ ਰਾਹੀਂ 'ਨਵਾਂ ਜ਼ਮਾਨਾ' ਨੂੰ 200 ਡਾਲਰ ਸਹਾਇਤਾ ਵਜੋਂ ਦਿੱਤੇ ਗਏ। ਅਦਾਰਾ ਧੰਨਵਾਦ ਕਰਦਾ ਹੈ।

-ਸੰਪਾਦਕ

# ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਨੇ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਦਿੱਤਾ ਧਰਨਾ

**ਧਾਰੀਵਾਲ, (ਮਨਦੀਪ ਵਿੱਕੀ)**




ਸੰਯੁਕਤ ਕਿਸਾਨ ਮੋਰਚਾ ਜ਼ਿਲਾ ਗੁਰਦਾਸਪੁਰ ਦੀਆਂ ਸਮੂਹ ਜਥੇਬੰਦੀਆਂ ਦੇ ਸੱਦੇ ਤੇ ਵੱਡੀ ਗਿਣਤੀ 'ਚ ਕਿਸਾਨਾਂ ਨੇ ਗੁਰੂ ਨਾਨਕ ਪਾਰਕ ਗੁਰਦਾਸਪੁਰ ਇਕੱਤਰ ਹੋ ਕੇ ਮਾਰਚ ਦੀ ਸ਼ਕਲ ਵਿੱਚ ਡੀਸੀ ਦਫਤਰ ਪੁੱਜ ਕੇ ਵਿਸ਼ਾਲ ਧਰਨਾ ਦਿੱਤਾ।ਧਰਨੇ ਉਪਰੰਤ ਡਿਪਟੀ ਕਮਿਸ਼ਨਰ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਮੰਗ ਪੱਤਰ ਦਿੱਤੇ ਗਏ।ਧਰਨੇ ਦੀ ਪ੍ਰਧਾਨਗੀ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸਮੂਹਕ ਤੌਰ 'ਤੇ ਕੀਤੀ ਜਿਨ੍ਹਾਂ ਵਿੱਚ ਮੱਖਣ ਸਿੰਘ ਕੁਹਾੜ, ਅਨੋਖ ਸਿੰਘ ਘੋੜੇਵਾਹ, ਕਸ਼ਮੀਰ ਸਿੰਘ ਤੁਗਲਵਾਲ, ਅਸ਼ਵਾਨੀ ਕੁਮਾਰ ਲਖਣ ਕਲਾਂ, ਬਲਬੀਰ ਸਿੰਘ ਕੱਤੋਵਾਲ, ਲਖਵਿੰਦਰ ਸਿੰਘ ਮਰੜ, ਤਰਲੋਕ ਸਿੰਘ ਬਹਿਰਾਮਪੁਰ, ਦਲਬੀਰ ਸਿੰਘ ਜੀਵਨ ਚੱਕ, ਕੁਲਵਿੰਦਰ ਸਿੰਘ ਤਿੱਬੜ, ਬਚਨ ਸਿੰਘ ਭੰਬੋਈ, ਦਲਬੀਰ ਸਿੰਘ ਡੁਗਰੀ, ਦਿਲਬਾਗ ਸਿੰਘ ਡੋਗਰ, ਪਲਵਿੰਦਰ ਸਿੰਘ ਮਠੋਲਾ, ਕਰਨੈਲ ਸਿੰਘ ਸ਼ੇਰਪੁਰ, ਅਤੇ ਗੁਰਮੁਖ ਸਿੰਘ ਖਹਿਰਾ ਨੇ ਸਾਂਝੇ ਤੌਰ ਤੇ ਕੀਤੀ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਗੁਲਜ਼ਾਰ ਸਿੰਘ ਬਸੰਤਕੋਟ, ਸਤਬੀਰ ਸਿੰਘ ਸੁਲਤਾਨੀ, ਬਲਵਿੰਦਰ ਸਿੰਘ ਰਾਜੂ ਲਖਵਿੰਦਰ ਸਿੰਘ ਮੰਜਿਆਂਵਾਲੀ ਬੀਬੀ ਦਵਿੰਦਰ ਕੌਰ, ਹਰਵਿੰਦਰ ਸਿੰਘ ਮੱਲੀ, ਧੀਰ ਸਿੰਘ ਸਿੱਧੂ, ਮੰਗਤ ਸਿੰਘ ਜੀਵਨ ਚੱਕ, ਰਘਬੀਰ ਸਿੰਘ ਚਾਹਲ, ਹਰਜੀਤ ਸਿੰਘ ਕਾਹਲੋਂ, ਕੁਲਬੀਰ ਸਿੰਘ ਗੁਰਾਇਆ ਆਦਿ ਨੇ ਆਖਿਆ ਕਿ ਕੇਂਦਰ ਸਰਕਾਰ ਪੰਜਾਬ ਨਾਲ ਘੋਰ ਵਿਤਕਰਾ ਕਰ ਰਹੀ ਹੈ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਅਧਿਕਾਰ ਪੰਜਾਬ ਤੋਂ ਖੋਹ ਲਿਆ ਹੈ ।ਚੰਡੀਗੜ੍ਹ ਵੀ ਪੰਜਾਬ ਨੂੰ ਨਹੀਂ ਦਿਤਾ ਅਤੇ ਪਾਣੀਆਂ ਦੀ ਵੰਡ ਸਾਰਥਕ ਨਹੀਂ ਕੀਤੀ ਅਤੇ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ।ਕੇਂਦਰ ਸਰਕਾਰ ਵਾਅਦੇ ਕਰਕੇ ਪੈਰ-ਪੈਰ 'ਤੇ ਮੁੱਕਰਦੀ ਹੈ।ਆਗੂਆਂ ਮੰਗ ਕੀਤੀ ਕਿ ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਵਾਪਸ ਲਈਆਂ ਜਾਣ ਅਤੇ ਖਾਦਾਂ ਦੀ ਘਾਟ ਸੀ ਪੂਰਤੀ ਕੀਤੀ ਜਾਵੇ, ਸਾਰੀਆਂ ਫਸਲਾਂ 'ਤੇ ਐੱਮਐੱਸਪੀ ਦੀ ਗਰੰਟੀ ਦਾ ਕਾਨੂੰਨ ਬਣਾਇਆ ਜਾਵੇ, ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇ।ਕਰਜ਼ੇ ਹੋਰ ਤੰਗੀਆਂ ਤੋਂ ਪੀੜਿਤ ਹੋ ਕੇ ਮੌਤ ਦਾ ਸ਼ਿਕਾਰ ਹੋਏ ਮਜ਼ਦੂਰਾਂ ਕਿਸਾਨਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਦੀ ਮਾਲੀ ਸਹਾਇਤਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ, ਸਤੰਬਰ 2025 ਵਿੱਚ ਪੰਜਾਬ ਵਿੱਚ ਹੜਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ, ਅਮਰੀਕਾ ਦੇ ਦਬਾਅ ਹੇਠ ਜੋ ਵਪਾਰ ਸਮਝੌਤਾ ਕੀਤਾ ਹੈ ਉਸ ਨੂੰ ਰੱਦ ਕੀਤਾ ਜਾਵੇ, ਬਿਜਲੀ ਖੇਤਰ ਮੁਕੰਮਲ ਨਿੱਜੀਕਰਨ ਲਈ ਪ੍ਰਸਤਾਵਿਤ ਬਿਜਲੀ ਸੋਧ ਬਿੱਲ 25 ਵਾਪਸ ਲਿਆ ਜਾਵੇ , ਬੀਜ ਬਿੱਲ 2025 ਵਾਪਸ ਲਿਆ ਜਾਵੇ, ਭਾਰਤ ਮਾਲਾ ਪ੍ਰੋਜੈਕਟ ਤਹਿਤ ਕਬਜ਼ੇ ਲਈ ਜ਼ਮੀਨ ਦਾ ਮੁਆਵਜ਼ਾ 2013 ਦੇ ਕਾਨੂੰਨ ਅਨੁਸਾਰ ਬਜ਼ਾਰੀ ਕੀਮਤ ਨੂੰ ਆਧਾਰ ਬਣਾ ਕੇ ਦਿਤਾ ਜਾਵੇ।ਮੰਗ ਕੀਤੀ ਗਈ ਕਿ ਭਾਰਤ ਦੇ ਸਾਰੇ ਮਰਦਾਂ ਤੇ ਔਰਤਾਂ ਨੂੰ 58 ਸਾਲ ਦੀ ਉਮਰ ਤੋਂ ਬਾਅਦ ਘੱਟੋ ਘੱਟ 10 ਹਜ ਬੁਢਾਪਾ ਪੈਨਸ਼ਨ ਦਿੱਤੀ ਜਾਵੇ। ਪਾਕਿਸਤਾਨ ਭਾਰਤ ਸਰਹੱਦ ਉਤੇ ਲੱਗੀ ਕੰਡਿਆਲੀ ਵਾੜ ਨੂੰ ਸਰਹੱਦ ਦੇ ਹੋਰ ਨਜ਼ਦੀਕ ਕੀਤਾ ਜਾਵੇ ਅਤੇ ਜੇਕਰ ਫਿਰ ਵੀ ਸੰਭਵ ਨਾ ਹੋਵੇ ਤਾਂ ਪਾਰ ਵਾਲੇ ਖੇਤਾਂ ਨੂੰ ਸਾਲਾਨਾ 30 ਹਜ਼ਾਰ ਰੁਪੈ ਪ੍ਰਥੀ ਏਕੜ ਮੁਆਵਜ਼ਾ ਦਿੱਤਾ ਜਾਵੇ ।ਇਸੇ ਦੇ ਨਾਲ ਹੀ ਮੰਗ ਕੀਤੀ ਗਈ ਕਿ ਨਵੀਂ ਸਿੱਖਿਆ ਨੀਤੀ ਫੌਰੀ ਵਾਪਸ ਲਈ ਜਾਵੇ ਅਤੇ ਪੰਜਾਬ ਦੇ ਮਿਲਟਰੀ ਅਤੇ ਕੇਂਦਰੀ ਸਕੂਲਾਂ ਵਿੱਚ ਪੰਜਾਬੀ ਨੂੰ ਹਟਾ ਕੇ ਸੰਸਕ੍ਰਿਤ ਲਾਉਣੀ ਫੌਰੀ ਤੌਰ ਤੇ ਬੰਦ ਕੀਤੀ ਜਾਵੇ। ਇਸ ਸਬੰਧੀ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਮੰਗਾਂ ਦੀ ਹਮਾਇਤ ਕੀਤੀ ਗਈ।ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਕਿਸਾਨ ਵਿਰੋਧੀ ਨੀਤੀਆਂ ਤੇ ਚੱਲ ਰਹੀਆਂ ਹਨ ਅਤੇ ਵੱਖ-ਵੱਖ ਬਹਾਨਿਆਂ ਨਾਲ ਕਿਸਾਨਾਂ ਤੋਂ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀਆਂ ਹਨ। ਇਸੇ ਤਰ੍ਹਾਂ ਬਿਜਲੀ ਸੋਧ ਬਿੱਲ ਵੀ ਇਸ ਦੇ ਮੁਕੰਮਲ ਨਿੱਜੀਕਰਨ ਦੀ ਅਤੇ ਸਬਸਿਡੀਆਂ ਖਤਮ ਕਰਨ ਦੀ ਨੀਤੀ ਤਹਿਤ ਲਿਆਂਦਾ ਗਿਆ ਹੈ ਜੋ ਫੌਰੀ ਵਾਪਸ ਨਾ ਕੀਤਾ ਤਾਂ ਲੜਾਈ ਹੋਰ ਵੱਡੀ ਕੀਤੀ ਜਾਵੇਗੀ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਸੰਯੁਕਤ ਕਿਸਾਨ ਮੋਰਚੇ ਨੂੰ ਸੱਦ ਕੇ ਕੇਂਦਰ ਸਰਕਾਰ ਨੇ ਮੰਗਾਂ 'ਤੇ ਗੱਲਬਾਤ ਨਾ ਕੀਤੀ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

# ਸੇਵਾਮੁਕਤ ਬਿਜਲੀ ਕਰਮਚਾਰੀਆਂ ਦਾ ਪਿਛਲੇ ਡੀਏ ਦਾ ਬਕਾਇਆ ਦੇਣ ਦੀ ਮੰਗ




**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਆਲ ਕੇਡਰਜ਼ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਬਿਜਲੀ ਬੋਰਡ ਅਜਨਾਲਾ ਮੰਡਲ ਯੂਨਿਟ ਦੀ ਮੀਟਿੰਗ ਸ਼ਹੀਦ ਕਾਲਿਆਂ ਵਾਲਾ ਖੂਹ ਵਿਖੇ ਦਿਲਜੀਤ ਸਿੰਘ ਸਕੱਤਰ, ਸੋਮਨਾਥ ਮਰਵਾਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਨੂੰ ਪੈਨਸ਼ਨਰ ਆਗੂ ਬਲਦੇਵ ਸਿੰਘ ਨਿਮਾਣਾ, ਸੁੱਚਾ ਸਿੰਘ ਮਾਨ, ਲਖਵਿੰਦਰ ਸਿੰਘ ਮਾਲਾਕੀੜੀ, ਸੋਮਨਾਥ, ਹਰਭਜਨ ਸਿੰਘ ਝੰਜੋਟੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਜਦੋਂ ਵੀ ਸਤਾ ਵਿੱਚ ਆਈ ਹੈ ਮੁਲਾਜ਼ਮ ਪੈਨਸ਼ਨਰਾਂ ਦੀ ਕੋਈ ਮੰਗ ਲਾਗੂ ਨਹੀਂ ਕੀਤੀ, ਨਾ ਹੀ ਜਥੇਬੰਦੀਆਂ ਨਾਲ ਕੋਈ ਗੱਲਬਾਤ ਕੀਤੀ ਹੈ, ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਪਿਛਲੇ ਡੀਏ ਦਾ ਬਕਾਇਆ ਕੇਂਦਰ ਸਰਕਾਰ ਦੀ ਤਰਜ਼ 'ਤੇ ਦਿੱਤਾ ਜਾਵੇ, 200 ਰੁਪਏ ਜਜੀਆ ਟੈਕਸ ਬੰਦ ਕੀਤਾ ਜਾਵੇ, ਮੈਡੀਕਲ ਭੱਤਾ 2000 ਅਤੇ ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕੀਤਾ ਜਾਵੇ, 1/1/2004 ਤੋਂ ਬਾਅਦ ਦੇ ਮੁਲਾਜ਼ਮਾਂ ਨੂੰ ਪੈਨਸ਼ਨ ਸਕੀਮ ਲਾਗੂ ਹੋਵੇ, 23 ਸਾਲਾ ਸਕੇਲ ਬਿਨਾਂ ਸ਼ਰਤ ਦੇਣ, ਵਿਭਾਗਾਂ ਵਿੱਚ ਕੱਚੇ ਕਾਮੇ ਪੱਕੇ ਕਰਨ ਬਾਰੇ ਨੀਤੀ ਬਣੇ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਮੈਡੀਕਲ ਬਿੱਲ ਪਾਸ ਕਰਨ ਦੀ ਸਰਲ ਨੀਤੀ ਬਣਾਈ ਜਾਵੇ।ਇਸ ਮੌਕੇ ਤਰਸੇਮ ਸਿੰਘ, ਰਣਜੀਤ ਸਿੰਘ, ਬਲਬੀਰ ਸਿੰਘ, ਸੁਖਵੰਤ ਸਿੰਘ, ਹਰਬੰਸ ਸਿੰਘ, ਗੁਰਬਚਨ ਸਿੰਘ, ਕੁਲਵੰਤ ਸਿੰਘ, ਨਿਸ਼ਾਨ ਸਿੰਘ, ਸੁਖਦੇਵ ਸਿੰਘ, ਗੋਪਾਲ ਸਿੰਘ, ਵਿਰਸਾ ਸਿੰਘ, ਰਣਧੀਰ ਸਿੰਘ, ਬਲਬੀਰ ਸਿੰਘ, ਭਾਸਕਰ ਭਟੇਲ, ਹਰੀ ਸਿੰਘ ਹਾਜ਼ਰ ਸਨ।ਪੰਜਾਬ ਸਰਕਾਰ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਮੰਗਾਂ ਪਹਿਲ ਦੇ ਆਧਾਰ 'ਤੇ ਲਾਗੂ ਕੀਤੀਆਂ ਜਾਣ ਨਹੀਂ ਤਾਂ ਜਥੇਬੰਦੀ ਮਜਬੂਰ ਹੋ ਕੇ ਤਿੱਖਾ ਸੰਘਰਸ਼ ਕਰੇਗੀ।

# ਪਿੰਡ ਢੰਡ (ਗੰਗਾਨਗਰ) ਦੀ ਸਮੁੱਚੀ ਪੰਚਾਇਤ ਆਪ 'ਚ ਸ਼ਾਮਲ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਪਿੰਡ ਢੰਡ (ਗੰਗਾਨਗਰ) ਵਿਖੇ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਜਦੋਂ ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਪਿੰਡ ਢੰਡ ਗੰਗਾਨਗਰ ਨਗਰ ਦੇ ਮੌਜੂਦਾ ਸਰਪੰਚ ਓਂਕਾਰ ਸਿੰਘ (ਪ੍ਰਭ) ਮੈਂਬਰ ਪੰਚਾਇਤ ਬਲਵੀਰ ਸਿੰਘ, ਹਰਜੀਤ ਸਿੰਘ, ਬਲਕਾਰ ਸਿੰਘ, ਬੀਬੀ ਹਰਜੀਤ ਕੌਰ, ਬੀਬੀ ਪਰਮਜੀਤ ਕੌਰ, ਸੰਦੀਪ ਸਿੰਘ, ਨਵਪ੍ਰੀਤ ਸਿੰਘ ਅਤੇ ਬੀਬੀ ਰੂਪ ਕੌਰ ਸਮੂਹ ਗ੍ਰਾਮ ਪੰਚਾਇਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖਦਿਆਂ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕੀਤੀ।ਰਵਾਇਤੀ ਸਿਆਸਤ ਤੋਂ ਉਪਰ ਉੱਠ ਕੇ ਕੀਤੀ ਜਾ ਰਹੀ ਲੋਕ ਸੇਵਾ ਦੇ ਨਤੀਜੇ ਵਜੋਂ ਐੱਮ ਐੱਲ ਏ ਹਰਮੀਤ ਸਿੰਘ ਸੰਧੂ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ 'ਚ ਲੋਕਾਂ ਦੀ ਸ਼ਮੂਲੀਅਤ ਲਗਾਤਾਰ ਵਧ ਰਹੀ ਹੈ ਜਦ ਕਿ ਇਸ ਮੌਕੇ ਨਵੇਂ ਸਾਥੀਆਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕਰਦਿਆਂ ਐੱਮਐੱਲਏ ਹਰਮੀਤ ਸਿੰਘ ਸੰਧੂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਇਹ ਸ਼ਮੂਲੀਅਤ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਦੇ ਲੋਕ ਰਵਾਇਤੀ ਸਿਆਸਤ ਤੋਂ ਅੱਕ ਚੁੱਕੇ ਹਨ ਅਤੇ ਉਹ ਵਿਕਾਸ, ਪਾਰਦਰਸ਼ਤਾ ਅਤੇ ਲੋਕ ਭਲਾਈ ਦੀ ਰਾਜਨੀਤੀ ਨੂੰ ਅਪਣਾ ਰਹੇ ਹਨ ਜਦਕਿ ਇਸ ਮੌਕੇ ਆਪ ਆਗੂ ਮੋਨੂੰ ਚੀਮਾ ਸਮੇਤ ਹੋਰ ਆਪ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਦੇ ਏ. ਐੱਸ. ਆਈ. ਜੀਵਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਸ਼ਮਸ਼ਾਨਘਾਟ ਜੌੜਾ ਛੱਤਰਾ ਤੋਂ ਪ੍ਰਿਥੀਪਾਲ ਉਰਫ ਸਾਜਨ ਪੁੱਤਰ ਦਰਸ਼ੀ ਵਾਸੀ ਜੌੜਾ ਛੱਤਰਾ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਕੋਲੋ 4 ਗਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏ. ਐੱਸ. ਆਈ. ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮਿੱਲ ਗਰਾਊਂਡ ਧਾਰੀਵਾਲ ਤੋਂ ਸੁਰਜੀਤ ਸਿੰਘ ਉਰਫ ਪੰਕੀ, ਰਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਕੰਗ ਨੂੰ ਕਾਬੂ ਕਰਕੇ ਸੁਰਜੀਤ ਸਿੰਘ ਕੋਲੋਂ 100 ਨਸ਼ੀਲੀਆਂ ਗੋਲੀਆਂ ਬਿਨਾਂ ਮਾਰਕਾ ਬਰਾਮਦ ਹੋਈਆਂ। ਏ. ਐੱਸ. ਆਈ. ਵਿਜੇ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਦਾਣਾ ਮੰਡੀ ਪਿੰਡ ਚੂਹੜਪੁਰ ਤੋਂ ਦੀਪਕ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਕਲੀਚਪੁਰ ਛੋਟਾ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ। ਥਾਣਾ ਦੋਰਾਂਗਲਾ ਦੇ ਐੱਸ. ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਪਿੰਡ ਕਾਦੀਆਂਵਾਲੀ ਨੇੜੇ ਸ਼ੈਲਰ ਤੋਂ ਗੁਰਪ੍ਰੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਜੌੜਾ ਛੱਤਰਾ ਜੋ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਕਾਬੂ ਕੀਤਾ ਤਾਂ ਉਸ ਪਾਸੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਬੀਬਾ ਰਮਨਦੀਪ ਕੌਰ ਖਹਿਰਾ ਦੇ ਹੱਕ 'ਚ ਅਕਾਲੀ ਵਰਕਰਾਂ ਦਾ ਹੋਇਆ ਵੱਡਾ ਇਕੱਠ



**ਚੋਹਲਾ ਸਾਹਿਬ (ਰਮਨ ਚੱਢਾ)**

ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਖਹਿਰਾ ਵੱਲੋਂ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲਾ ਦੇ ਗ੍ਰਹਿ ਨਿਵਾਸ ਕਰਮੂੰਵਾਲਾ ਵਿਖੇ ਪਹੁੰਚਣ 'ਤੇ ਜਥੇਦਾਰ ਕਰਮੂੰਵਾਲਾ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਜਥੇਦਾਰ ਕਰਮੰਵਾਲਾ ਵੱਲੋਂ ਅਕਾਲੀ ਵਰਕਰਾਂ ਦਾ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਬੀਬੀ ਰਮਨਦੀਪ ਕੌਰ ਖਹਿਰਾ ਵੱਲੋਂ ਅਕਾਲੀ ਵਰਕਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਤਕੜੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੀਏ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਮਯਾਬ ਕੀਤਾ ਜਾਵੇ ਅਤੇ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਜਥੇਦਾਰ ਕਰਮੂੰਵਾਲਾ ਵੱਲੋਂ ਬੀਬੀ ਖਹਿਰਾ ਨੂੰ ਭਰੋਸਾ ਦਵਾਇਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਵਿਧਾਨ ਸਭਾ ਭੇਜਿਆ ਜਾਊਗਾ ਤੇ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਇਆ ਜਾਵੇ ਤਾਂ ਜੋ ਪੰਜਾਬ ਦੇ ਰਹਿੰਦੇ ਕੰਮ ਵਿਕਾਸ ਕਾਰਜ ਜੋ ਅਧੂਰੇ ਪਏ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ। ਇਸ ਮੌਕੇ ਗੁਰਬਚਨ ਸਿੰਘ ਕਰਮੂੰਵਾਲਾ, ਸਰਪੰਚ ਅਵਤਾਰ ਸਿੰਘ ਬਿੱਲਾ ਸੇਰੋਂ, ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਮਨਜਿੰਦਰ ਸਿੰਘ ਲਾਟੀ, ਸਰਪੰਚ ਇੰਦਰਜੀਤ ਸਿੰਘ ਕਰਮੂੰਵਾਲਾ, ਦਇਆ ਸਿੰਘ ਨਿੱਕਾ ਚੋਹਲਾ, ਦਲੇਰ ਸਿੰਘ ਢਿੱਲੋਂ, ਮੈਂਬਰ ਬਲਾਕ ਸੰਮਤੀ. ਮਨਜੀਤ ਸਿੰਘ ਪੱਖੋਪੁਰ, ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਵਰਣਾ, ਸੁਵਿੰਦਰ ਸਿੰਘ ਕਰਮੂੰਵਾਲਾ, ਭੁਪਿੰਦਰ ਸਿੰਘ ਸਰਹਾਲੀ, ਸੁਰਜੀਤ ਸਿੰਘ ਕਰਮੂੰਵਾਲਾ, ਸੰਮਾ ਸਿੰਘ ਕਰਮੂੰਵਾਲਾ, ਰਤਨ ਸਿੰਘ, ਕੈਪਟਨ ਅਮਰੀਕ ਸਿੰਘ ਪੱਖੋਪੁਰ, ਸਾਰਜ ਸਿੰਘ ਰੰਧਾਵਾ, ਅੰਗਰੇਜ਼ ਸਿੰਘ ਸ਼ੇਰਦਿਲ ਸਰਹਾਲੀ, ਜੰਗਸ਼ੇਰ ਸਿੰਘ ਟੋਨੀ ਸਰਪੰਚ ਰੂੜੀ ਵਾਲਾ ਅਤੇ ਵਿਸ਼ਾਲ ਸਿੰਘ ਮੁਨੀਮ ਅਤੇ ਅਕਾਲੀ ਵਰਕਰ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਦਮੋਦਰ ਤੋਂ ਸ਼ਰਧਾਲੂਆਂ ਦੀ ਬੱਸ ਰਵਾਨਾ

**ਬਟਾਲਾ, (ਤਰਲੋਕ ਬੱਗਾ)**

ਬਲਬੀਰ ਸਿੰਘ ਪਨੂੰ, ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਦਮੋਦਰ ਤੋਂ ਪਵਿੱਤਰ ਧਰਤੀ ਸ੍ਰੀ ਆਨੰਦਪੁਰ ਸਾਹਿਬ ਲਈ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਅਤੇ ਮਾਣ ਵਾਲਾ ਦਿਨ ਹੈ ਕਿ ਪਿੰਡ ਦਮੋਦਰ ਦੇ ਸ਼ਰਧਾਲੂਆਂ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਵਿਸ਼ੇਸ਼ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਸਾਡੇ ਬਜ਼ੁਰਗਾਂ ਅਤੇ ਸੰਗਤਾਂ ਨੂੰ ਆਪਣੇ ਇਤਿਹਾਸਕ ਤੇ ਧਾਰਮਿਕ ਵਿਰਸੇ ਨਾਲ ਜੋੜਨ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਰਿਹਾ ਹੈ।ਉਨ੍ਹਾਂ ਯਾਤਰਾ ਤੇ ਜਾ ਰਹੇ ਸਾਰੇ ਸ਼ਰਧਾਲੂਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਧਾਰਮਿਕ ਯਾਤਰਾ ਸੁਖਦ ਅਤੇ ਸਫਲ ਰਹੇ ਦੀ ਪਰਮਾਤਮਾ ਅੱਗੇ ਅਰਦਾਸ ਕੀਤੀ।ਉਨ੍ਹਾਂ ਦੱਸਿਆ ਕਿ ਇਹ ਬੱਸ ਰਾਹੀਂ ਤਿੰਨ ਦਿਨਾਂ ਵਿੱਚ ਸ਼ਰਧਾਲੂਆਂ ਨੂੰ ਸ੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ, ਸ੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਵਾਏ ਜਾਣਗੇ।ਇਸ ਮੌਕੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਅਤੇ ਬਲਬੀਰ ਸਿੰਘ ਪਨੂੰ ਦਾ ਧੰਨਵਾਦ ਕਰਦਿਆਂ ਕਿ ਮੁੱਖ ਮੰਤਰੀ ਤੀਰਥ ਯੋਜਨਾ ਨਾਲ ਲੋਕਾਂ ਵਿੱਚ ਖੁਸ਼ੀ ਵਰਗਾ ਮਾਹੌਲ ਹੈ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਉਤਸ਼ਾਹਿਤ ਹਨ।




# ਪੈਰਿਸ਼ ਪ੍ਰੀਸਟ ਫਾਦਰ ਜੌਨ ਜਾਰਜ ਦਾ ਭਰਵਾਂ ਸਵਾਗਤ

**ਧਾਰੀਵਾਲ, (ਮਨਦੀਪ ਵਿੱਕੀ)**



ਸੇਂਟ ਟਰੇਸਾ ਕੈਥੋਲਿਕ ਚਰਚ ਧਾਰੀਵਾਲ ਵਿਖੇ ਨਵੇਂ ਪੈਰਿਸ਼ ਪ੍ਰੀਸਟ ਫਾਦਰ ਜੌਨ ਜਾਰਜ ਦੇ ਪਹੁੰਚਣ 'ਤੇ ਕੈਥੋਲਿਕ ਚਰਚ ਵਿਨਸੈਂਟ ਡੀ ਪਾਲ ਸੋਸਾਇਟੀ ਡਾਇਓਸੀਸ ਆਫ ਜਲੰਧਰ ਦੇ ਪ੍ਰਧਾਨ ਰਾਕੇਸ਼ ਵਿਲੀਅਮ ਅਤੇ ਪੈਰਿਸ਼ ਪ੍ਰੀਸਟ ਫਾਦਰ ਜੋਸ ਪਡਿਆਟੀ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਗਿਆ।ਡਾਇਓਸਿਸ ਆਫ ਜਲੰਧਰ ਦੇ ਬਿਸ਼ਪ ਜੋਸ ਸੇਬਾਸਟੀਅਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾਇਓਸਿਸ ਦੇ ਵੱਖ-ਵੱਖ ਗਿਰਜਾਘਰਾਂ ਵਿੱਚ ਸੇਵਾ ਨਿਭਾ ਰਹੇ ਪ੍ਰੋਹਿਤਾਂ ਦੇ ਤਬਾਦਲੇ ਕੀਤੇ ਗਏ ਹਨ। ਇਸ ਤਹਿਤ ਪਿਛਲੇ ਚਾਰ ਸਾਲਾਂ ਤੋਂ ਸੇਂਟ ਟਰੇਸਾ ਕੈਥੋਲਿਕ ਚਰਚ ਧਾਰੀਵਾਲ ਵਿੱਚ ਸੇਵਾ ਨਿਭਾ ਰਹੇ ਫਾਦਰ ਜੋਸ ਪਡਿਆਟੀ ਦੀ ਬਦਲੀ ਕਾਰਪਸ ਕ੍ਰਿਸਟੀ ਚਰਚ, ਭਿੱਖੀਵਿੰਡ (ਜ਼ਿਲ੍ਹਾ ਤਰਨ ਤਾਰਨ) ਵਿਖੇ ਕੀਤੀ ਗਈ ਹੈ।ਇਸ ਦੇ ਨਾਲ ਹੀ ਪਿਛਲੇ ਪੰਜ ਸਾਲਾਂ ਤੋਂ ਸੇਂਟ ਫਰਾਂਸਿਸ ਚਰਚ, ਪੰਡੋਰੀ ਰੋਡ ਗੁਰਦਾਸਪੁਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਫਾਦਰ ਜੌਨ ਜਾਰਜ ਦੀ ਨਿਯੁਕਤੀ ਸੇਂਟ ਟਰੇਸਾ ਕੈਥੋਲਿਕ ਚਰਚ ਧਾਰੀਵਾਲ ਵਿਖੇ ਕੀਤੀ।ਫਾਦਰ ਜੌਨ ਜਾਰਜ ਦੇ ਧਾਰੀਵਾਲ ਪਹੁੰਚਣ 'ਤੇ ਪ੍ਰਧਾਨ ਰਾਕੇਸ਼ ਵਿਲੀਅਮ, ਫਾਦਰ ਜੋਸ ਪਦਯੱਤੀ ਅਤੇ ਸਮੂਹ ਕਲੀਸੀਆ ਵੱਲੋਂ ਉਨ੍ਹਾਂ ਦਾ ਨਿੱਘਾ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਰਾਕੇਸ਼ ਵਿਲੀਅਮ ਨੇ ਫਾਦਰ ਜੌਨ ਜਾਰਜ ਨੂੰ ਵਿਸ਼ਵਾਸ ਦਿਵਾਇਆ ਕਿ ਧਾਰਮਿਕ, ਸਮਾਜਿਕ ਅਤੇ ਦੁਨਿਆਵੀ ਕਾਰਜਾਂ ਵਿੱਚ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਕਲੀਸੀਆ ਅਤੇ ਸਮਾਜ ਦੀ ਹੋਰ ਬਿਹਤਰ ਸੇਵਾ ਕੀਤੀ ਜਾ ਸਕੇ।

# ਨਗਰ ਕੌਂਸਲ ਕਾਦੀਆਂ ਦੀ ਚੋਣ : 69 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਨਗਰ ਕੌਂਸਲ ਕਾਦੀਆਂ ਦੇ ਕੌਂਸਲਰਾਂ ਦੀ ਚੋਣ ਲਈ 69 ਨਾਮਜ਼ਦਗੀਆਂ ਦੇ ਪੇਪਰ ਭਰੇ ਗਏ।ਹੁਣ ਤੱਕ 2 ਉਮੀਦਵਾਰ ਆਪਣੇ ਕਾਗ਼ਜ਼ਾਤ ਦਾਖ਼ਲ ਕਰਵਾ ਚੁੱਕੇ ਹਨ।ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਆਪਣੀ ਸਾਰੀਆਂ ਵਾਰਡਾਂ ਦੇ ਉਮੀਦਵਾਰਾਂ ਨਾਲ ਮਾਰਕੀਟ ਕਮੇਟੀ ਕਾਦੀਆਂ 'ਚ ਬਣਾਏ ਗਏ ਰੀਟਰਨਿੰਗ ਅਫਸਰ ਦੇ ਦਫ਼ਤਰ ਪਹੁੰਚੇ।ਉਨ੍ਹਾਂ ਨੇ ਆਰਓ ਦੀ ਮੌਜੂਦਗੀ ਵਿੱਚ ਕਾਦੀਆਂ ਦੀ 14 ਨੰਬਰ ਵਾਰਡ ਦੇ ਉਮੀਦਵਾਰਾਂ ਦੇ ਕਾਗ਼ਜ਼ਾਤ ਦਾਖ਼ਲ ਕਰਵਾਏ।15ਵੀਂ ਵਾਰਡ ਲਈ ਅੱਜ ਤਿੰਨ ਉਮੀਦਵਾਰ ਆਪਣੇ ਨਾਮਜ਼ਦਗੀ ਦੇ ਕਾਗ਼ਜ਼ਾਤ ਦਾਖ਼ਲ ਕਰ ਚੁੱਕੇ ਸਨ।ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਆਗੂ ਗੁਰਇਕਬਾਲ ਸਿੰਘ ਮਾਹਲ ਵੀ ਆਪਣੇ ਉਮੀਦਵਾਰਾਂ ਨਾਲ ਆਰਓ ਦਫ਼ਤਰ ਪਹੁੰਚੇ ਜਿੱਥੇ ਉਨ੍ਹਾਂ ਦੇ ਉਮੀਦਵਾਰਾਂ ਨੇ ਆਪਣੇ ਕਾਗ਼ਜ਼ਾਤ ਦਾਖ਼ਲ ਕਰਵਾਏ।ਭਾਜਪਾ ਦੇ ਉਮੀਦਵਾਰ ਵੀ ਬੀਜੇਪੀ ਮੰਡਲ ਪ੍ਰਧਾਨ ਗੁਲਸ਼ਨ ਸਰਾਫ਼ ਅਤੇ ਭਾਜਪਾ ਦੀ ਸੀਨੀਅਰ ਆਗੂ ਕੁਲਵਿੰਦਰ ਕੌਰ ਦੇ ਨਾਲ ਕਾਗ਼ਜ਼ਾਤ ਦਾਖ਼ਲ ਕਰਨ ਪਹੁੰਚੇ ਸਨ।ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਵਾਰ ਵੀ ਨਗਰ ਕੌਂਸਲ ਕਾਦੀਆਂ ਵਿੱਚ ਉਨ੍ਹਾਂ ਦੀ ਕਮੇਟੀ ਬਣੇਗੀ।ਉਨ੍ਹਾਂ ਕਿਹਾ ਕਿ ਇਸ ਵਾਰ ਹਾਈਕੋਰਟ ਨੇ ਬਹੁਤ ਵਧੀਆ ਫ਼ੈਸਲਾ ਦਿੱਤਾ ਹੈ ਕਿ ਈਵੀਐੱਮ ਰਾਹੀਂ ਵੋਟਾਂ ਪਾਈਆਂ ਜਾਣਗੀਆਂ ਜਿਸ ਕਾਰਨ ਕਿਸੇ ਕਿਸਮ ਦੀ ਹੇਰਾ ਫ਼ੇਰੀ ਲਈ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ।ਉਨ੍ਹਾਂ ਕਿਹਾ ਕਿ 5-6 ਮਹੀਨਿਆਂ ਬਾਅਦ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣਨ ਤੇ ਕਾਦੀਆਂ ਨੂੰ ਬਹੁਤ ਵੱਡਾ ਤੋਹਫ਼ਾ ਮਿਲਣ ਵਾਲਾ ਹੈ।ਅਕਾਲੀ ਆਗੂ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਇਸ ਵਾਰ ਵਧੀਆ ਲੋਕਾਂ ਦੀ ਕਮੇਟੀ ਬਣੇਗੀ।ਅਸੀਂ ਆਪਣੀ ਕਮੇਟੀ ਬਣਾ ਕੇ ਸ਼ਹਿਰ ਦੇ ਵਿਕਾਸ ਕਾਰਜ ਕਰਾਂਗੇ। ਇਸ ਵਾਰ ਕਾਂਗਰਸ ਨੂੰ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਨਗਰ ਕੌਂਸਲ ਕਾਦੀਆਂ 'ਚ ਕਾਂਗਰਸ ਦੀ ਕਮੇਟੀ ਹੈ।ਅਨੇਕ ਸਿਆਸੀ ਪਾਰਟੀਆਂ ਕਾਂਗਰਸ ਨੂੰ ਇਸ ਵਾਰ ਕਿਸੇ ਵੀ ਹਾਲਤ ਵਿੱਚ ਪ੍ਰਧਾਨਗੀ ਦੀ ਕੁਰਸੀ ਤੇ ਬਿਠਾਉਣ ਨੂੰ ਤਿਆਰ ਨਹੀਂ ਹਨ।ਇਹ ਵੀ ਕਿਆਸ ਕੀਤੇ ਜਾ ਰਹੇ ਹਨ ਕਿ ਵਿਰੋਧੀ ਵਿਰੋਧੀ ਆਪਸ 'ਚ ਮਿਲ ਕੇ ਕਾਂਗਰਸ ਨੂੰ ਹਰਾਉਣ ਲਈ ਜ਼ੋਰ ਲਗਾ ਸਕਦੇ ਹਨ।



# ਡੀ ਡੀ ਆਈ ਸਕੂਲ 'ਚ ਕਰੀਅਰ ਕਾਊਂਸਲਿੰਗ ਵਿਸ਼ੇ 'ਤੇ ਸੈਮੀਨਾਰ ਕਰਵਾਇਆ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**



ਡੀ. ਡੀ. ਆਈ. ਸਕੂਲ ਵਿੱਚ +1 ਅਤੇ +2 ਦੇ ਵਿਦਿਆਰਥੀਆਂ ਲਈ ਇੱਕ ਪ੍ਰਭਾਵਸ਼ਾਲੀ ਕਰੀਅਰ ਕਾਊਂਸਲਿੰਗ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਵਿੱਚ ਮਾਹਿਰ ਰਿਸੋਰਸ ਪਰਸਨ ਨੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ, ਵੱਖ-ਵੱਖ ਕਰੀਅਰ ਵਿਕਲਪਾਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਰਿਸੋਰਸ ਪਰਸਨ ਨੇ ਵਿਦਿਆਰਥੀਆਂ ਨੂੰ ਆਪਣੀ ਰੁਚੀ, ਯੋਗਤਾ ਅਤੇ ਕਾਬਲੀਅਤ ਦੇ ਅਨੁਸਾਰ ਕਰੀਅਰ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਇੰਜੀਨੀਅਰਿੰਗ, ਮੈਡੀਕਲ, ਕਾਮਰਸ, ਮੈਨੇਜਮੈਂਟ, ਸਿਵਲ ਸੇਵਾਵਾਂ ਅਤੇ ਹੋਰ ਉਭਰਦੇ ਖੇਤਰਾਂ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਆਪਣੇ ਸਵਾਲ ਪੁੱਛੇ ਅਤੇ ਮਾਹਿਰ ਤੋਂ ਲਾਭਦਾਇਕ ਮਾਰਗਦਰਸ਼ਨ ਪ੍ਰਾਪਤ ਕੀਤਾ।ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਬਾਰੇ ਸਹੀ ਫ਼ੈਸਲੇ ਲੈਣ ਲਈ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਟੀਚਿਆਂ ਪ੍ਰਤੀ ਪ੍ਰੇਰਿਤ ਕਰਨਾ ਸੀ।ਇਹ ਸੈਸ਼ਨ ਵਿਦਿਆਰਥੀਆਂ ਲਈ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ।

# ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨ ਤਾਰਨ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨ ਤਾਰਨ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ।ਸਮਾਗਮ ਦੌਰਾਨ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਯੂਥ ਫੈਸਟੀਵਲਾਂ ਅਤੇ ਵੱਖ-ਵੱਖ ਅੰਤਰ ਕਾਲਜ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਮਨਦੀਪ ਭੱਟੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਇਨਾਮ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਅਤੇ ਜੀਵਨ ਵਿੱਚ ਉੱਚੇ ਟੀਚੇ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਹਨ।ਉਨ੍ਹਾਂ ਕਿਹਾ ਕਿ ਕਾਲਜ ਪ੍ਰਬੰਧਨ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।ਉਨ੍ਹਾਂ ਵੱਲੋਂ ਕਾਲਜ ਦੀ ਸਾਲਾਨਾ ਰਿਪੋਰਟ ਵੀ ਪੇਸ਼ ਕੀਤੀ ਗਈ, ਜਿਸ ਵਿੱਚ ਕਾਲਜ ਦੀਆਂ ਸਾਲ ਭਰ ਦੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ ਦਾ ਵੇਰਵਾ ਦਿੱਤਾ ਗਿਆ।ਸਮਾਗਮ ਦੇ ਮੁੱਖ ਮਹਿਮਾਨ ਡਾ. ਕਰਨਬੀਰ ਸਿੰਘ, ਐੱਸ. ਡੀ. ਐੱਮ. ਤਰਨ ਤਾਰਨ ਸਨ।ਉਨ੍ਹਾਂ ਨੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਫਲਤਾ ਹਮੇਸ਼ਾ ਸੱਚੀ ਲਗਨ, ਅਨੁਸ਼ਾਸਨ ਅਤੇ ਨਿਰੰਤਰ ਮਿਹਨਤ ਦਾ ਨਤੀਜਾ ਹੁੰਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਵਿੱਚ ਵੀ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਉਨ੍ਹਾਂ ਵੱਲੋਂ ਕਾਲਜ ਦਾ ਨਵਾਂ ਪ੍ਰੋਸਪੈਕਟ ਵੀ ਜਾਰੀ ਕੀਤਾ ਗਿਆ।ਸਮਾਗਮ ਦਾ ਮੰਚ ਸੰਚਾਲਨ ਡਾ. ਅਜੂਨੀ, ਕਰਨਜੀਤ ਕੌਰ (ਸਹਾਇਕ ਪ੍ਰੋਫੈਸਰ ਕੈਮਿਸਟਰੀ) ਅਤੇ ਸਵਪਨਦੀਪ ਸਿੰਘ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਗੁਰਿੰਦਰਜੀਤ ਕੌਰ ਨੇ ਮੁੱਖ ਮਹਿਮਾਨ ਅਤੇ ਪਹੁੰਚੇ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹਾਜ਼ਰੀ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ।ਸਮਾਗਮ ਦੇ ਕੋਆਰਡੀਨੇਟਰ ਸਹਾਇਕ ਪ੍ਰੋਫੈਸਰ ਰਮਨਦੀਪ ਕੌਰ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਸਮੂਹ ਅਧਿਆਪਕ, ਗੈਰ-ਅਧਿਆਪਕ ਸਟਾਫ, ਵਿਦਿਆਰਥੀ ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।




# ਸਵਾਲ ਕਰਨੇ ਪੈਣੇ

ਦਿੱਲੀ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਓਡੀਸ਼ਾ ਹਾਈ ਕੋਰਟ ਦੇ ਚੀਫ ਜਸਟਿਸ ਰਹੇ ਐੱਸ ਮੁਰਲੀਧਰ ਨੇ ਕਿਹਾ ਹੈ ਕਿ ਸੱਤਾ ਵਿੱਚ ਜੋ ਵੀ ਹੈ, ਉਸ ਤੋਂ ਸਵਾਲ ਕਰਨਾ ਬਹੁਤ ਜ਼ਰੂਰੀ ਹੈ। ਇਹੀ ਸੱਤਾ ਨੂੰ ਜਵਾਬਦੇਹ ਬਣਾਉਂਦਾ ਹੈ ਅਤੇ ਉਸ ਨੂੰ ਜਵਾਬਦੇਹ ਬਣਾਉਣ ਦਾ ਸਭ ਤੋਂ ਠੋਸ ਤਰੀਕਾ ਇੱਕ ਮਜ਼ਬੂਤ ਨਿਆਂਪਾਲਿਕਾ ਹੈ।

ਐੱਸ ਮੁਰਲੀਧਰ, ਜੋ ਦਿੱਲੀ ਹਾਈ ਕੋਰਟ ਵਿੱਚ ਜੱਜ ਵਜੋਂ ਆਪਣੇ ਕਾਰਜਕਾਲ ਦੌਰਾਨ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ ਆਪਣੇ ਸਖਤ ਫੈਸਲੇ ਲਈ ਜਾਣੇ ਜਾਂਦੇ ਹਨ, ਮੰਗਲਵਾਰ ਨੂੰ ਬੇਂਗਲੁਰੂ ਵਿੱਚ ਇੱਕ ਕਿਤਾਬ ਲਾਂਚ ਸਮਾਗਮ ਵਿੱਚ ਬੋਲ ਰਹੇ ਸਨ। ਇਹ ਕਿਤਾਬ 'ਰੈਡੀ ਫਾਰ ਦ ਲਾਅ ਚੈਲੇਂਜ' ਨਾਂਅ ਦੀ ਇੱਕ ਕੁਇਜ਼ ਕਿਤਾਬ ਹੈ, ਜੋ ਉਨ੍ਹਾ ਦੇ ਸਾਬਕਾ ਇੰਟਰਨ ਰਾਘਵ ਚੱਕਰਵਰਤੀ ਨੇ ਲਿਖੀ ਹੈ। ਸਮਾਗਮ 'ਚ 'ਜਗਿਆਸਾ, ਲੋਕਤੰਤਰ ਅਤੇ ਜਨਤਕ ਜੀਵਨ' ਵਿਸ਼ੇ ਉੱਤੇ ਚਰਚਾ ਹੋਈ। ਜਸਟਿਸ ਮੁਰਲੀਧਰ ਨੇ ਕਿਹਾ, "ਇੱਕ ਵਕੀਲ ਅਤੇ ਬਾਅਦ ਵਿੱਚ ਇੱਕ ਜੱਜ ਦੇ ਰੂਪ ਵਿੱਚ, ਮੈਨੂੰ ਅਹਿਸਾਸ ਹੋਇਆ ਕਿ ਸੱਤਾ ਵਿੱਚ ਬੈਠੇ ਲੋਕਾਂ ਨੂੰ ਜਵਾਬਦੇਹ ਬਣਾਉਣ ਦਾ ਇੱਕੋ-ਇੱਕ ਪ੍ਰਭਾਵਸ਼ਾਲੀ ਤਰੀਕਾ ਇੱਕ ਮਜ਼ਬੂਤ ਨਿਆਂਪਾਲਿਕਾ ਹੈ। ਨਿਆਂਪਾਲਿਕਾ ਨੂੰ ਉਨ੍ਹਾਂ ਲੋਕਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਜੋ ਸਰਕਾਰ ਤੋਂ ਜਵਾਬ ਮੰਗਦੇ ਹਨ। ਜਿੰਨੇ ਜੱਜ ਇਹ ਸਮਝਣਗੇ ਕਿ ਸੰਵਿਧਾਨਕ ਅਦਾਲਤਾਂ ਦੇ ਰੂਪ ਵਿੱਚ ਉਨ੍ਹਾਂ ਦਾ ਇਹ ਬੁਨਿਆਦੀ ਫਰਜ਼ ਹੈ, ਓਨਾ ਹੀ ਦੇਸ਼ ਬਿਹਤਰ ਬਣੇਗਾ।" ਸੂਚਨਾ ਦਾ ਅਧਿਕਾਰ (ਆਰ ਟੀ ਆਈ) ਅੰਦੋਲਨ ਦੀ ਮਿਸਾਲ ਦਿੰਦਿਆਂ ਉਨ੍ਹਾ ਕਿਹਾ ਕਿ ਛੋਟੇ-ਛੋਟੇ ਵਿਰੋਧ ਪ੍ਰਦਰਸ਼ਨਾਂ ਤੋਂ ਸ਼ੁਰੂ ਹੋ ਕੇ ਆਰ ਟੀ ਆਈ ਕਾਨੂੰਨ ਬਣਿਆ। ਲੋਕ ਸਥਾਨਕ ਅਧਿਕਾਰੀਆਂ ਤੋਂ ਸਵਾਲ ਪੁੱਛ ਰਹੇ ਸਨ। ਸੱਤਾ ਵਿੱਚ ਜੋ ਵੀ ਹੈ, ਉਸ ਤੋਂ ਸਵਾਲ ਕਰਨਾ ਬਹੁਤ ਜ਼ਰੂਰੀ ਹੈ। ਲੋਕਤੰਤਰ ਵਿੱਚ ਜਦੋਂ ਸਰਕਾਰ ਜਵਾਬ ਨਹੀਂ ਦਿੰਦੀ, ਤਾਂ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਜਾਂਦੀ ਹੈ। ਫਿਰ ਸਰਕਾਰ ਨੂੰ ਅਦਾਲਤ ਵਿੱਚ ਆ ਕੇ ਜਵਾਬ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ।

ਮੁਰਲੀਧਰ ਨੇ ਰਾਜਸਥਾਨ ਵਿੱਚ ਮਜ਼ਦੂਰ ਕਿਸਾਨ ਸ਼ਕਤੀ ਸੰਗਠਨ ਅੰਦੋਲਨ ਦਾ ਵੀ ਹਵਾਲਾ ਦਿੱਤਾ। ਉਨ੍ਹਾ ਦੱਸਿਆ ਕਿ ਲੋਕ ਆਪਣੀ ਪੰਚਾਇਤ ਤੋਂ ਇੱਕ ਸਧਾਰਨ ਸਵਾਲ ਪੁੱਛ ਰਹੇ ਸਨ : ਇਸ ਇਲਾਕੇ ਦੇ ਵਿਕਾਸ ਕਾਰਜਾਂ ਲਈ ਪੈਸੇ ਅਲਾਟ ਕਰ ਦਿੱਤੇ ਗਏ। ਉਹ ਕਿੱਥੇ ਗਏ? ਸਾਨੂੰ ਖਾਤੇ ਦਿਖਾਓ। ਅਜਿਹੇ ਸਵਾਲ ਪੁੱਛਣ ਨਾਲ ਅੰਦੋਲਨ ਸ਼ੁਰੂ ਹੋਇਆ, ਜੋ ਬਾਅਦ ਵਿੱਚ ਪੂਰੇ ਦੇਸ਼ ਲਈ ਸੂਚਨਾ ਅਧਿਕਾਰ ਕਾਨੂੰਨ ਬਣਾਉਣ ਵਿੱਚ ਬਹੁਤ ਮਦਦਗਾਰ ਸਾਬਤ ਹੋਇਆ। 2003 ਵਿੱਚ ਦਾਇਰ ਇੱਕ ਜਨਹਿਤ ਪਟੀਸ਼ਨ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ ਜੋ ਜਵਾਬ ਆਰ ਟੀ ਆਈ ਰਾਹੀਂ ਨਹੀਂ ਮਿਲੇ, ਉਹ ਅਦਾਲਤ ਰਾਹੀਂ ਪ੍ਰਾਪਤ ਕੀਤੇ ਗਏ। ਕਈ ਰਾਜ ਸਰਕਾਰਾਂ ਨੇ ਸ਼ੁਰੂ ਵਿੱਚ ਦਾਅਵਾ ਕੀਤਾ ਕਿ ਉਨ੍ਹਾਂ ਦੇ ਰਾਜਾਂ ਵਿੱਚ ਹੱਥੀਂ ਮੈਲਾ ਨਹੀਂ ਢੋਹਿਆ ਜਾਂਦਾ, ਪਰ ਵੀਡੀਓ ਕਲਿੱਪਾਂ ਅਤੇ ਨਿੱਜੀ ਗਵਾਹੀਆਂ ਤੋਂ ਬਾਅਦ ਉਨ੍ਹਾਂ ਨੂੰ ਮੰਨਣ ਲਈ ਮਜਬੂਰ ਹੋਣਾ ਪਿਆ। ਇਹ ਇੱਕ ਲੰਮਾ ਸੰਘਰਸ਼ ਸੀ, ਪਰ ਹੱਥੀਂ ਮੈਲਾ ਢੋਹਣ ਦੀ ਬੁਰਾਈ ਨੂੰ ਖਤਮ ਕਰਨ ਵੱਲ ਇੱਕ ਵੱਡਾ ਕਦਮ ਸੀ।

ਜਸਟਿਸ ਮੁਰਲੀਧਰ ਨੇ ਸਵਾਲ ਕਰਨ ਦਾ ਸੱਦਾ ਉਦੋਂ ਦਿੱਤਾ ਹੈ ਜਦੋਂ ਨੀਟ ਪੇਪਰ ਲੀਕ, ਸੀ ਬੀ ਐੱਸ ਈ ਵਿਵਾਦ ਅਤੇ ਦੇਸ਼ ਵਿੱਚ ਸਿੱਖਿਆ ਪ੍ਰਣਾਲੀ ਬਾਰੇ ਸਵਾਲ ਉਠਾਏ ਜਾ ਰਹੇ ਹਨ। ਸੁਨੇਹਾ ਸਪੱਸ਼ਟ ਹੈ : ਲੋਕਾਂ ਨੂੰ ਸਵਾਲ ਪੁੱਛਣ ਦਾ ਹੌਸਲਾ ਦਿਖਾਉਣਾ ਚਾਹੀਦਾ ਹੈ, ਅਤੇ ਨਿਆਂਪਾਲਿਕਾ ਨੂੰ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਦੇਣੀ ਚਾਹੀਦੀ ਹੈ, ਤਾਂ ਹੀ ਸੱਚਾ ਲੋਕਤੰਤਰ ਮਜ਼ਬੂਤ ਹੋਵੇਗਾ।

# ਸਾਬ੍ਹ ! ਸਾਈਕਲ ਲੈਣ ਜੋਗੇ ਛੱਡ ਦਿਓ


ਗੁਰਪ੍ਰੀਤ

ਜਿਹੜੇ ਲੋਕ ਸਾਲ 2012-13 ਦੌਰਾਨ ਮਹਿੰਗਾਈ ਖ਼ਿਲਾਫ਼ ਢੰਡੋਰਾ ਪਿੱਟਦੇ ਹੋਏ ਵਿਖਾਈ ਦੇ ਰਹੇ ਸਨ, ਉਹ ਅੱਜਕੱਲ੍ਹ ਵਿਖਾਈ ਨਹੀਂ ਦੇ ਰਹੇ। ਇੱਕ ਆਪਣੇ ਆਪ ਨੂੰ 'ਬਾਬਾ' ਅਖਵਾਉਣ ਵਾਲਾ ਬੰਦਾ ਕਹਿੰਦਾ ਹੁੰਦਾ ਸੀ ਕਿ ਜੇਕਰ 2014 ਵਿੱਚ ਭਾਜਪਾ ਦੀ ਸਰਕਾਰ ਕੇਂਦਰ ਵਿੱਚ ਆਈ ਤਾਂ ਪੈਟਰੋਲ 30-35 ਰੁਪਏ ਮਿਲਣਾ ਸ਼ੁਰੂ ਹੋ ਜਾਵੇਗਾ। ਪਤਾ ਨਹੀਂ ਉਹ 'ਬਾਬਾ' ਕਿੰਨਾ ਵੱਡਾ ਗੁਣੀ-ਗਿਆਨੀ ਸੀ ਅਤੇ ਕਿੰਨਾ ਵੱਡਾ ਸ਼ਕਤੀ ਵਾਲਾ, ਇਹ ਤਾਂ ਉਹ ਕੁਦਰਤ ਹੀ ਜਾਣਦੀ ਹੈ, ਪਰ ਏਨਾ ਨਹੀਂ ਸੀ ਪਤਾ ਕਿ ਉਹ 'ਬਾਬਾ' ਪੈਟਰੋਲ-ਡੀਜ਼ਲ ਦੀਆਂ ਦੂਰੀਆਂ-ਤੀਹਰੀਆਂ ਕੀਮਤਾਂ ਆਪਣੇ ਬਿਆਨਾਂ ਵਿੱਚ ਦੱਸ ਰਿਹਾ ਹੈ।

ਖ਼ੈਰ, ਕੇਂਦਰ ਵਿੱਚ ਭਾਜਪਾ ਸਰਕਾਰ ਆਈ ਨੂੰ ਕਰੀਬ 12 ਸਾਲ ਹੋ ਚੱਲੇ ਨੇ, ਇਹਨਾਂ 12 ਸਾਲਾਂ ਦੇ ਦੌਰਾਨ ਪੈਟਰੋਲ ਦੀਆਂ ਕੀਮਤਾਂ ਵਿੱਚ ਕਰੀਬ 28 ਰੁਪਏ ਤੱਕ ਦਾ ਵਾਧਾ ਹੋ ਚੁੱਕਿਆ ਹੈ। ਭਾਵੇਂ ਕਿ ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ 12 ਸਾਲਾਂ ਦੇ ਦੌਰਾਨ ਭਾਰਤੀਆਂ ਦੀ ਆਮਦਨ ਵੀ ਵਧੀ ਹੈ, ਪਰ ਅਸਲੀਅਤ ਇਹ ਹੈ ਕਿ ਜਿੰਨੀ ਆਮਦਨ ਵਧੀ ਹੈ, ਉਸ ਤੋਂ ਕਿਤੇ ਜ਼ਿਆਦਾ ਮਹਿੰਗਾਈ ਨੇ ਲੱਕ ਤੋੜ ਰੱਖਿਆ ਹੈ।

ਕਾਂਗਰਸ ਦੇ ਕੇਂਦਰ ਵਿਚਲੇ ਆਖ਼ਰੀ ਸਾਲ ਯਾਨੀ ਕਿ 2014 ਵਿੱਚ ਪੈਟਰੋਲ ਦੀ ਕੀਮਤ 72.43 ਪੈਸੇ ਸੀ। ਹੁਣ ਜੇਕਰ ਤਾਜ਼ਾ ਹਾਲਾਤ ਦੀ ਗੱਲ ਕਰੀਏ ਤਾਂ ਮਈ 2026 ਦੇ ਵਿਚਕਾਰ ਹੀ ਪੈਟਰੋਲ ਦੀਆਂ ਕੀਮਤਾਂ 25 ਮਈ ਤਰੀਕ ਤੱਕ ਚਾਰ ਵਾਰ ਵਧ ਚੁੱਕੀਆਂ ਹਨ। ਅੱਜਕੱਲ੍ਹ (2026 ਵਿੱਚ) ਪੈਟਰੋਲ ਦੀਆਂ ਕੀਮਤਾਂ 102 ਰੁਪਏ ਪ੍ਰਤੀ ਲੀਟਰ ਹਨ। ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਪਹਿਲਾ ਪੈਟਰੋਲ ਪੰਪ 1928 ਵਿੱਚ ਮੁੰਬਈ ਦੇ ਅੰਦਰ ਖੋਲ੍ਹਿਆ ਸੀ। ਪੈਟਰੋਲ ਦੀ ਕੀਮਤ ਉਦੋਂ ਮਹਿਜ਼ 6 ਪੈਸੇ ਪ੍ਰਤੀ ਲੀਟਰ ਹੁੰਦੀ ਸੀ, ਪਰ ਜਿਵੇਂ-ਜਿਵੇਂ ਸੱਤਾ ਬਦਲਦੀ ਗਈ, ਉਵੇਂ ਉਵੇਂ ਪੈਟਰੋਲ-ਡੀਜ਼ਲ ਦੇ ਰੇਟ ਵੀ ਵਧਦੇ-ਘਟਦੇ ਗਏ।

ਤਾਜ਼ਾ ਹਾਲਾਤ 'ਤੇ ਨਿਗਾਹ ਮਾਰੀਏ ਤਾਂ, ਇਸ ਵੇਲੇ ਮਹਿੰਗਾਈ ਦੀ ਮਾਰ ਝੱਲ ਰਹੀ ਭਾਰਤ ਦੀ ਜਨਤਾ ਨੂੰ ਲਗਾਤਾਰ ਮਹਿੰਗਾਈ ਦੇ ਝਟਕੇ ਲੱਗ ਰਹੇ ਨੇ। ਪੈਟਰੋਲ-ਡੀਜ਼ਲ ਦੀਆਂ ਪਿਛਲੇ ਕਰੀਬ ਦੋ ਹਫ਼ਤਿਆਂ ਦੇ ਦੌਰਾਨ ਹੀ ਚਾਰ ਵਾਰ ਕੀਮਤਾਂ ਵੱਧ ਚੁੱਕੀਆਂ ਹਨ, ਉੱਥੇ ਦੂਜੇ ਪਾਸੇ ਗੈਸ ਦੀਆਂ ਕੀਮਤਾਂ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀ ਸਰਕਾਰ ਬੇਸ਼ੱਕ ਇਸ ਨੂੰ ਈਰਾਨ, ਅਮਰੀਕਾ ਤੇ ਇਜ਼ਰਾਇਲ ਵਿਚਾਲੇ ਲੱਗੀ ਜੰਗ ਕਾਰਨ ਸੰਕਟ ਦੱਸ ਰਹੀ ਹੈ, ਉੱਥੇ ਹੀ ਦੂਜੇ ਪਾਸੇ ਵਿਰੋਧੀ ਧਿਰਾਂ ਇਸ ਨੂੰ ਸੱਤਾ ਧਿਰ ਸਰਕਾਰ ਦਾ ਫੇਲੀਅਰ ਦੱਸ ਰਹੇ ਨੇ।

ਉਨ੍ਹਾਂ ਕਿਹਾ ਕਿ ਜਦੋਂ ਤਾਂ ਬੰਗਾਲ ਅਤੇ ਹੋਰਨਾਂ ਪੰਜ ਸੂਬਿਆਂ ਦੇ ਵਿੱਚ ਚੋਣਾਂ ਹੋਣੀਆਂ ਸਨ ਤਾਂ ਉਦੋਂ ਤੱਕ ਤਾਂ ਇਸ ਸਰਕਾਰ ਨੇ ਪੈਟਰੋਲ ਦਾ ਇੱਕ ਰੁਪਇਆ ਵੀ ਨਹੀਂ ਵਧਾਇਆ ਤੇ ਲਗਾਤਾਰ ਪ੍ਰੈੱਸ ਨੋਟ ਜਾਰੀ ਕੀਤੇ ਜਾਂਦੇ ਰਹੇ ਕਿ ਤੇਲ ਦੀਆਂ ਕੀਮਤਾਂ ਵਿੱਚ ਫ਼ਿਲਹਾਲ ਵਾਧਾ ਨਹੀਂ ਕੀਤਾ ਜਾਵੇਗਾ। ਫ਼ਿਲਹਾਲ ਦਾ ਮਤਲਬ ਤਾਂ ਸਾਫ਼ ਸੀ ਕਿ ਅਗਲੇ ਦਿਨਾਂ ਵਿੱਚ ਜਦੋਂ ਚੋਣਾਂ ਖ਼ਤਮ ਹੋ ਗਈਆਂ ਤਾਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵੱਧ ਸਕਦੀਆਂ ਨੇ, ਪਰ ਜਿਵੇਂ ਹੀ ਚੋਣਾਂ ਖ਼ਤਮ ਹੋਈਆਂ ਤਾਂ ਸਰਕਾਰ ਨੇ ਕੁਝ ਦਿਨਾਂ ਵਿੱਚ-ਵਿੱਚ ਹੀ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਸੱਤ ਰੁਪਏ ਵਧਾ ਦਿੱਤੀਆਂ। ਇਸੇ ਤਰ੍ਹਾਂ ਡੀਜ਼ਲ ਦੀਆਂ ਕੀਮਤਾਂ ਵੀ ਛੇ ਤੋਂ ਸੱਤ ਰੁਪਏ ਵੱਧ ਗਈਆਂ ਹਨ।

ਇਸ ਤੋਂ ਸਿੱਧਾ ਹਿਸਾਬ ਇਹੋ ਲੱਗਦਾ ਹੈ ਕਿ ਸਰਕਾਰ ਲਗਾਤਾਰ ਫ਼ੇਲ੍ਹ ਜਾਪ ਰਹੀ ਹੈ। ਵਿਰੋਧੀ ਧਿਰਾਂ ਦਾ ਲਗਾਤਾਰ ਸਰਕਾਰ 'ਤੇ ਨਿਸ਼ਾਨਾ ਹੈ ਕਿ ਦੇਸ਼ ਦੀ ਅਰਥ ਵਿਵਸਥਾ ਨੂੰ ਭਾਜਪਾ ਵੱਲੋਂ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਪੈਟਰੋਲ-ਡੀਜ਼ਲ ਦਾ ਰੇਟ ਵਧਣਾ ਸਰਕਾਰ ਦੀ ਸਿੱਧੇ-ਸਿੱਧੇ ਤੌਰ 'ਤੇ ਜਿਹੜਾ ਨਾਕਾਮੀ ਹੈ, ਖੇਤੀਬਾੜੀ ਸੈਕਟਰ ਦਾ ਇਸ 'ਤੇ ਵੱਧ ਅਸਰ ਪਏਗਾ। ਮਹਿੰਗਾਈ ਮੱਧ ਵਰਗ ਨੂੰ ਬਰਬਾਦ ਕਰ ਰਹੀ ਹੈ। ਜਾਣਕਾਰੀ ਅਨੁਸਾਰ ਪਿਛਲੇ 10-15 ਦਿਨਾਂ ਵਿੱਚ ਚਾਰ ਵਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੱਧ ਚੁੱਕੀਆਂ ਹਨ, ਭਾਵੇਂ ਕਿ ਇਸ ਨੂੰ ਲੈ ਕੇ ਸੱਤਾ ਧਿਰ ਅਤੇ ਵਿਰੋਧੀ ਧਿਰਾਂ ਰੌਲਾ ਪਾ ਰਹੀਆਂ ਨੇ, ਆਹ ਦੇਖੋ ਇੱਕ-ਦੂਜੇ 'ਤੇ ਗੰਭੀਰ ਦੋਸ਼ ਲਗਾ ਰਹੀਆਂ ਨੇ, ਪਰ ਦੂਜੇ ਪਾਸੇ ਸਵਾਲ ਇਹ ਉੱਠਦਾ ਹੈ ਕਿ ਇਹਨਾਂ ਦੇ ਬਿਆਨਬਾਜ਼ੀ ਦੇ ਨਾਲ ਕੀ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਘਟਣਗੀਆਂ ਤੇ ਆਮ ਲੋਕਾਂ ਨੂੰ ਰਾਹਤ ਮਿਲੇਗੀ?

ਸੱਤਾ ਵਿੱਚ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਜਦੋਂ ਉਹ ਸੱਤਾ ਦੇ ਵਿੱਚ ਹੁੰਦੀ ਹੈ ਤਾਂ ਆਪਣੀਆਂ ਚੰਮ ਦੀਆਂ ਚਲਾਉਂਦੀ ਹੈ। ਜਦੋਂ ਕੇਂਦਰ ਦੇ ਅੰਦਰ ਭਾਜਪਾ ਦੀ ਸਰਕਾਰ ਨਹੀਂ ਸੀ ਆਈ ਤਾਂ ਉਸ ਵੇਲੇ ਕਾਂਗਰਸ ਸਰਕਾਰ 'ਤੇ ਗੰਭੀਰ ਦੋਸ਼ ਲਗਾਏ ਜਾਂਦੇ ਸੀ। ਹੋਰ ਤੇ ਹੋਰ ਪੈਟਰੋਲ ਦੀਆਂ ਕੁਝ ਪੈਸੇ ਕੀਮਤਾਂ ਵਧਣ ਦੇ ਨਾਲ ਹੀ ਸਮੂਹ ਦੇਸ਼-ਵਾਸੀ ਸੜਕਾਂ 'ਤੇ ਆ ਜਾਂਦੇ ਸੀ ਅਤੇ ਸੱਤਾ ਧਿਰ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਦਾ ਵਿਰੋਧ ਕਰਦੇ ਸੀ, ਪਰ ਅੱਜ ਦੀ ਤਰੀਕ ਵਿੱਚ ਅਜਿਹਾ ਨਹੀਂ ਹੋ ਰਿਹਾ, ਅੱਜ ਦੀ ਤਰੀਕ ਵਿੱਚ ਸਿਰਫ਼ ਸਿਆਸੀ ਪਾਰਟੀਆਂ ਹੀ ਬਿਆਨਬਾਜ਼ੀ ਕਰਦੀਆਂ ਨੇ ਅਤੇ ਟੀ ਵੀ 'ਤੇ ਸੁਰਖ਼ੀਆਂ ਬਟੋਰਦੀਆਂ ਨੇ।

ਜੇਕਰ ਪੈਟਰੋਲ-ਡੀਜ਼ਲ ਮਹਿੰਗਾ ਹੁੰਦਾ ਹੈ ਤਾਂ ਇਸ ਦਾ ਅਸਰ ਆਮ ਬੰਦੇ ਦੀ ਜੇਬ 'ਤੇ ਵੀ ਅਸਰ ਪੈਂਦਾ ਹੈ, ਕਿਉਂਕਿ ਜੇਕਰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਕੋਈ ਸਮਾਨ ਲਿਜਾਣਾ ਜਾਂ ਫਿਰ ਲਿਆਉਣਾ ਹੈ ਤਾਂ ਇਸ ਲਈ ਵੀ ਗੱਡੀ ਦੇ ਵਿੱਚ ਤੇਲ ਹੀ ਲੱਗਦਾ, ਜਿਸ ਦਾ ਬੋਝ ਆਮ ਜਨਤਾ ਉੱਪਰ ਪੈਂਦਾ ਹੈ, ਪਰ ਸੱਤਾ ਦੇ ਵਿੱਚ ਬੈਠੀ ਸਰਕਾਰ ਨੂੰ ਤਾਂ ਭੋਰਾ ਵੀ ਆਮ ਜਨਤਾ ਦੀ ਫ਼ਿਕਰ ਨਹੀਂ।

ਕੇਂਦਰ ਦੇ ਲੀਡਰ ਸੂਬਿਆਂ ਦੀਆਂ ਸਰਕਾਰਾਂ ਨੂੰ ਇਹ ਕਹਿ ਰਹੇ ਨੇ ਕਿ ਉਹ ਆਪਣੇ ਪੱਧਰ 'ਤੇ ਟੈਕਸ ਘਟਾਉਣ, ਜਦੋਂ ਕਿ ਸਿੱਧੇ ਰੂਪ ਵਿੱਚ ਕੇਂਦਰ ਇੱਕ ਪੈਸਾ ਵੀ ਰੇਟ ਘਟਾਉਣ ਲਈ ਰਾਜ਼ੀ ਨਹੀਂ ਹੈ। ਮਿਡਲ ਈਸਟ ਵਿੱਚ ਜੰਗ ਲੱਗੀ ਨੂੰ ਭਾਵੇਂ ਹੀ ਕਰੀਬ ਤਿੰਨ ਮਹੀਨੇ ਹੋਣ ਵਾਲੇ ਨੇ, ਪਰ ਇਹਨਾਂ ਤਿੰਨ ਮਹੀਨਿਆਂ ਦੇ ਦੌਰਾਨ ਦੇਸ਼ ਦੇ ਅੰਦਰ ਮਹਿੰਗਾਈ ਤਾਂ ਨਹੀਂ ਵਧੀ, ਕਿਉਂਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਚੋਣਾਂ ਹੋਣੀਆਂ ਸਨ। ਜੇਕਰ ਕੇਂਦਰ ਦੀ ਮੋਦੀ ਸਰਕਾਰ ਉਦੋਂ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਧਾ ਦਿੰਦੀ, ਤਾਂ ਇਸ ਸਰਕਾਰ ਨੂੰ ਮੂੰਹ ਦੀ ਖਾਣੀ ਪੈਣੀ ਸੀ, ਪਰ ਅਜਿਹਾ ਨਹੀਂ ਕੀਤਾ ਗਿਆ।

ਵੋਟਾਂ ਬਟੋਰਨ ਵਾਸਤੇ ਪਹਿਲਾਂ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਿਆ ਅਤੇ ਚੋਣਾਂ ਜਿੱਤਦਿਆਂ ਹੀ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਏਨੀਆਂ ਵਧਾ ਦਿੱਤੀਆਂ ਕਿ ਕੋਈ ਕਹਿਣ ਦੀ ਹੱਦ ਨਹੀਂ। ਹੁਣ ਹਾਲਾਤ ਏਨੇ ਜ਼ਿਆਦਾ ਬਦ ਤੋਂ ਬਦਤਰ ਹੋ ਚੁੱਕੇ ਨੇ ਕਿ ਲੋਕ ਦੋ ਪਹੀਆ ਵਾਹਨ ਅਤੇ ਕਾਰਾਂ ਘਰਾਂ ਵਿੱਚ ਖੜ੍ਹੀਆਂ ਕਰਕੇ ਸਾਈਕਲ ਖ਼ਰੀਦਣ ਲਈ ਮਜਬੂਰ ਹਨ, ਪਰ ਸਾਈਕਲਾਂ ਦੀਆਂ ਕੀਮਤਾਂ ਵੀ ਦਿਨ ਪ੍ਰਤੀ ਦਿਨ ਵਧ ਰਹੀਆਂ ਨੇ। ਵੈਸੇ ਵੇਖਿਆ ਜਾਵੇ ਤਾਂ ਸਰਕਾਰ ਵੱਲੋਂ ਲਗਾਈ ਗਈ ਇਹ ਅਣਐਲਾਨੀ ਐਮਰਜੈਂਸੀ ਆਮ ਜਨਤਾ ਦੀ ਜੇਬ 'ਤੇ ਭਾਰੀ ਪੈ ਰਹੀ ਹੈ।

ਦੂਜੇ ਪਾਸੇ ਪੈਟਰੋਲ, ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ 'ਤੇ ਊਰਜਾ ਵਿਸ਼ਲੇਸ਼ਕ ਅਤੇ ਆਰਥਿਕ ਮਾਹਰ ਮੰਨਦੇ ਹਨ ਕਿ ਇਹ ਵਿਸ਼ਵ ਭੂ-ਰਾਜਨੀਤਕ ਸੰਕਟ ਅਤੇ ਘਰੇਲੂ ਵਿੱਤੀ ਦਬਾਅ ਦਾ ਸਿੱਧਾ ਨਤੀਜਾ ਹੈ। ਐੱਮ ਕੇ ਗਲੋਬਲ ਵਰਗੀਆਂ ਪ੍ਰਮੁੱਖ ਵਿੱਤੀ ਸੇਵਾ ਫ਼ਰਮਾਂ ਦੀਆਂ ਰਿਪੋਰਟਾਂ ਦੇ ਅਨੁਸਾਰ ਸਰਕਾਰੀ ਮਾਲਕੀ ਵਾਲੀਆਂ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਪੈਟਰੋਲ ਅਤੇ ਡੀਜ਼ਲ 'ਤੇ 17 ਤੋਂ 18 ਰੁਪਏ ਪ੍ਰਤੀ ਲੀਟਰ ਤੱਕ ਭਾਰੀ ਨੁਕਸਾਨ ਹੋ ਰਿਹਾ ਸੀ, ਕਿਉਂਕਿ ਕੀਮਤਾਂ ਲੰਮੇ ਸਮੇਂ ਤੱਕ ਸਥਿਰ ਰਹੀਆਂ।

ਊਰਜਾ ਮਾਹਰ ਨੋਟ ਕਰਦੇ ਹਨ ਕਿ, ਈਰਾਨ ਨਾਲ ਟਕਰਾਅ ਦੇ ਕਾਰਨ, ਹੋਰਮੁਜ਼ ਜਲਡਮਰੂ ਦੇ ਆਲੇ-ਦੁਆਲੇ ਸੁਰੱਖਿਆ ਜੋਖ਼ਮ ਕਾਫ਼ੀ ਵਧ ਗਏ ਹਨ, ਇੱਕ ਮਹੱਤਵਪੂਰਨ ਜਲ ਮਾਰਗ, ਜਿਸ ਵਿੱਚੋਂ ਦੁਨੀਆ ਦਾ 20 ਫੀਸਦੀ ਕੱਚਾ ਤੇਲ ਲੰਘਦਾ ਹੈ। ਨਤੀਜੇ ਵਜੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਿਸ਼ਵ ਕੀਮਤਾਂ (ਖ਼ਾਸ ਕਰਕੇ ਬ੍ਰੈਂਟ ਕਰੂਡ) ਲਗਾਤਾਰ \$100 ਤੋਂ \$105 ਪ੍ਰਤੀ ਬੈਰਲ ਦੇ ਨਿਸ਼ਾਨ ਤੋਂ ਉੱਪਰ ਰਹੀਆਂ ਹਨ। ਇਸ ਦੇ ਉਲਟ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਨੇ ਭਾਰਤੀ ਰਿਫਾਇਨਰੀਆਂ ਲਈ ਕੱਚੇ ਤੇਲ ਦੀ ਦਰਾਮਦ ਨੂੰ ਹੋਰ ਵੀ ਮਹਿੰਗਾ ਕਰ ਦਿੱਤਾ ਹੈ, ਜਿਸ ਨਾਲ ਕੰਪਨੀਆਂ ਕੋਲ ਇਸ ਵਿੱਤੀ ਬੋਝ ਨੂੰ ਖਪਤਕਾਰਾਂ 'ਤੇ ਪਾਉਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ।

ਅਰਥ ਸ਼ਾਸਤਰੀਆਂ ਦੇ ਅਨੁਸਾਰ ਡੀਜ਼ਲ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ 2.71 ਰੁਪਏ ਦਾ ਵਾਧਾ ਆਵਾਜਾਈ ਦੇ ਖ਼ਰਚਿਆ ਵਿੱਚ ਤੁਰੰਤ ਵਾਧਾ ਕਰੇਗਾ, ਜਿਸ ਨਾਲ ਫਲਾਂ, ਸਬਜ਼ੀਆਂ, ਡੇਅਰੀ ਉਤਪਾਦਾਂ ਅਤੇ ਘਰੇਲੂ ਕਰਿਆਨੇ ਦੀਆਂ ਕੀਮਤਾਂ ਸਿੱਧੇ ਤੌਰ 'ਤੇ ਵਧ ਜਾਣਗੀਆਂ। ਨਿੱਜੀ ਵਿੱਤ ਵਿਸ਼ਲੇਸ਼ਕਾਂ ਦਾ ਅੰਦਾਜ਼ਾ ਹੈ ਕਿ ਇਸ ਤਰ੍ਹਾਂ ਦੇ ਲਗਾਤਾਰ ਕੀਮਤਾਂ ਵਿੱਚ ਵਾਧੇ ਨਾਲ ਇੱਕ ਔਸਤ ਭਾਰਤੀ ਪਰਿਵਾਰ ਦਾ ਸਾਲਾਨਾ ਖ਼ਰਚ 2,400 ਰੁਪਏ ਤੋਂ ਵੱਧ ਵਧ ਸਕਦਾ ਹੈ।

ਜੇਕਰ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਭਿਆਨਕ ਹੋਵੇਗਾ, ਕਿਉਂਕਿ ਜਿਸ ਤਰੀਕੇ ਨਾਲ ਸਬਜ਼ੀਆਂ, ਖਾਦਾਂ, ਦਵਾਈਆਂ ਅਤੇ ਹੋਰਨਾਂ ਰੋਜ਼ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਦੇ ਭਾਅ ਵਧ ਰਹੇ ਨੇ, ਪਰ ਆਮ ਲੋਕਾਂ ਦੀ ਕਮਾਈ ਨਹੀਂ ਧ ਰਹੀ, ਤਾਂ ਕਿਧਰੇ ਉਹ ਕਹਾਵਤ ਸੱਚੀ ਨਾ ਹੋ ਜਾਵੇ ਕਿ ਇੱਕ ਦਿਨ ਐਸਾ ਆਵੇਗਾ ਹੱਥ ਨੂੰ ਹੱਥ ਖਾਵੇਗਾ।

# ਸੰਪਰਕ : 95698-20314

**ਜਨਮ ਦਿਨ 'ਤੇ ਵਿਸ਼ੇਸ਼**

# ਮਾਨਵਤਾ ਦੇ ਮਸੀਹਾ ਭਗਤ ਪੂਰਨ ਸਿੰਘ

**ਦਲਜੀਤ ਰਾਏ ਕਾਲੀਆ**

ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ 4 ਜੂਨ, 1904 ਨੂੰ ਪਿੰਡ ਰਾਜੇਵਾਲ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹਨਾ ਦੇ ਪਿਤਾ ਦਾ ਨਾਂਅ ਸ਼ਿੱਬੂ ਮੱਲ ਅਤੇ ਮਾਤਾ ਦਾ ਨਾਂਅ ਮਹਿਤਾਬ ਕੌਰ ਸੀ। ਸ਼ੁਰੂ ਵਿੱਚ ਘਰਦਿਆਂ ਨੇ ਉਹਨਾ ਦਾ ਨਾਂਅ ਰਾਮ ਜੀ ਦਾਸ ਰੱਖਿਆ, ਪਰ ਜਗਤ ਵਿੱਚ ਉਹ ਭਗਤ ਪੂਰਨ ਸਿੰਘ ਵਜੋਂ ਪ੍ਰਸਿੱਧ ਹੋਏ।ਭਗਤ ਜੀ ਦੀ ਮਾਤਾ ਨੇ ਉਹਨਾਂ ਨੂੰ ਗੁਰੂਆਂ, ਪੀਰਾਂ ਅਤੇ ਅਵਤਾਰਾਂ ਦੀਆਂ ਪ੍ਰੇਰਨਾਮਈ ਕਹਾਣੀਆਂ ਸੁਣਾ-ਸੁਣਾ ਕੇ ਸਮਾਜ ਸੇਵਾ ਦੀ ਅਜਿਹੀ ਚੇਟਕ ਲਾਈ ਕਿ ਭਗਤ ਜੀ ਨੇ ਮੁੜ ਪਿੱਛੇ ਮੁੜ ਕੇ ਨਹੀਂ ਵੇਖਿਆ। ਭਗਤ ਪੂਰਨ ਸਿੰਘ ਨੇ ਇੱਕ ਰਾਤ ਗੁਰਦੁਆਰਾ ਰੇਰੂ ਸਾਹਿਬ ਦੇ ਗੁਰਦੁਆਰੇ ਵਿੱਚ ਕੱਟੀ। ਇਸ ਰਾਤ ਨੇ ਭਗਤ ਪੂਰਨ ਸਿੰਘ ਦੀ ਕਾਇਆ-ਕਲਪ ਕਰ ਦਿੱਤੀ। ਗੱਲ ਸੋਨੇ 'ਤੇ ਸੁਹਾਗੇ ਵਾਲੀ ਬਣੀ। ਉਹਨਾ ਇਸ ਰਾਤ ਗੁਰਦੁਆਰੇ ਵਿੱਚੋਂ ਲੰਗਰ-ਪ੍ਰਸ਼ਾਦਾ ਛਕਿਆ ਅਤੇ ਸਵੇਰੇ ਮਨੋਹਰ ਕੀਰਤਨ ਸੁਣਿਆ। ਭਗਤ ਜੀ ਗੁਰਦੁਆਰਾ ਸਾਹਿਬ ਦੀ ਵਿਵਸਥਾ ਅਤੇ ਗੁਰਬਾਣੀ ਤੋਂ ਬਹੁਤ ਪ੍ਰਭਾਵਤ ਹੋਏ।

ਦਸਵੀਂ ਦਾ ਇਮਤਿਹਾਨ ਦੇਣ ਪਿੱਛੋਂ ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਰਹਿਣ ਲੱਗ ਪਏ। ਇੱਥੇ ਰਹਿ ਕੇ ਗੁਰੂ ਘਰ ਦੀ ਅਥਾਹ ਸੇਵਾ ਕਰਨ ਲੱਗੇ। ਇੱਥੇ ਰਹਿਣ ਸਮੇਂ ਸ਼ਹਿਰ ਦੀਆਂ ਸਿਰਕੱਢ ਲਾਇਬ੍ਰੇਰੀਆਂ ਵਿੱਚ ਜਾ ਕੇ ਉਹ ਮਾਸਿਕ ਪੱਤਰ, ਅਖ਼ਬਾਰਾਂ ਅਤੇ ਪੁਸਤਕਾਂ ਪੜ੍ਹਦੇ ਰਹਿੰਦੇ, ਜਿਸ ਨਾਲ ਉਹਨਾ ਦੀ ਜਾਣਕਾਰੀ ਵਿੱਚ ਅਥਾਹ ਵਾਧਾ ਹੋਇਆ। 1927 ਵਿੱਚ ਮਹਾਤਮਾ ਗਾਂਧੀ ਵੱਲੋਂ ਕੱਢੇ ਜਾਂਦੇ 'ਯੰਗ ਇੰਡੀਆ' ਰਾਹੀਂ ਭਗਤ ਪੂਰਨ ਸਿੰਘ ਨੂੰ ਘਰੇਲੂ ਦਸਤਕਾਰੀ ਅਤੇ ਦੇਸ਼ ਦੀ ਆਰਥਿਕਤਾ ਦੀ ਹੋ ਰਹੀ ਤਬਾਹੀ ਦਾ ਗਿਆਨ ਹਾਸਲ ਹੋਇਆ। ਉਹ ਬਹੁਤ ਪ੍ਰਭਾਵਤ ਹੋਏ। ਉਹਨਾ ਨੇ ਖੱਡੀ ਦਾ ਤਿਆਰ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ।



1934 ਵਿੱਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਡੇਹਰਾ ਸਾਹਿਬ ਵਿਖੇ ਕੋਈ ਚਾਰ ਕੁ ਸਾਲ ਦਾ ਅਪਾਹਜ ਬੱਚਾ ਛੱਡ ਗਿਆ। ਭਗਤ ਜੀ ਨੇ ਇਸ ਲਾਵਾਰਿਸ ਬੱਚੇ ਨੂੰ ਆਪਣੀ ਸੰਭਾਲ ਵਿੱਚ ਲੈ ਕੇ ਬੜੇ ਪਿਆਰ ਨਾਲ ਉਸ ਦੀ ਪਾਲਣਾ-ਪੋਸ਼ਣਾ ਕੀਤੀ ਅਤੇ ਉਸ ਦਾ ਨਾਂਅ ਪਿਆਰਾ ਸਿੰਘ ਰੱਖਿਆ। ਭਗਤ ਪੂਰਨ ਸਿੰਘ ਉਸ ਲੂਲੇ ਬੱਚੇ ਨੂੰ ਪਿੱਠ 'ਤੇ ਚੁੱਕੀ ਫਿਰਦੇ ਰਹੇ ਅਤੇ ਇਸੇ ਤਰ੍ਹਾਂ 18 ਅਗਸਤ 1947 ਨੂੰ ਪਿਆਰਾ ਸਿੰਘ ਨੂੰ ਨਾਲ ਲੈ ਕੇ ਉਹ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪੁੱਜ ਗਏ। ਸ਼ਰਨਾਰਥੀ ਕੈਂਪ ਖਤਮ ਹੋਣ 'ਤੇ ਭਗਤ ਪੂਰਨ ਸਿੰਘ ਨੇ ਕੁਝ ਸਮਾਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਗੁਜ਼ਾਰਿਆ। ਬਾਅਦ ਵਿੱਚ ਉਹ ਗੁਰੂ ਤੇਗ ਬਹਾਦਰ ਹਸਪਤਾਲ ਵਾਲੀ ਥਾਂ ਦੇ ਬਾਹਰਵਾਰ ਇੱਕ ਬੋਹੜ ਥੱਲੇ ਝੁੱਗੀ ਪਾ ਕੇ ਰਾਤ-ਦਿਨ ਕੱਟਦੇ ਰਹੇ। ਇਸ ਸਮੇਂ ਤੱਕ ਉਹਨਾ ਦੀ ਨਿਗਰਾਨੀ ਹੇਠ 25 -30 ਮਰੀਜ਼ ਇਕੱਠੇ ਹੋ ਚੁੱਕੇ ਸਨ, ਜਿਨਾਂ ਦੀ ਉਹ ਸੇਵਾ-ਸੰਭਾਲ ਕਰਦੇ।

ਭਗਤ ਪੂਰਨ ਸਿੰਘ ਨੇ 6 ਮਾਰਚ ,1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਰਜਿਸਟਰਡ ਕਰਵਾਈ। ਭਗਤ ਪੂਰਨ ਸਿੰਘ ਨੇ 1958 ਵਿੱਚ ਤਹਿਸੀਲਪੁਰਾ ਜੀ ਟੀ ਰੋਡ ਅੰਮ੍ਰਿਤਸਰ (ਨੇੜੇ ਬੱਸ ਸਟੈਂਡ) ਵਿਖੇ ਪਿੰਗਲਵਾੜਾ ਸ਼ੁਰੂ ਕੀਤਾ, ਜੋ ਕਿ ਹੁਣ ਇੱਕ ਵਿਸ਼ਾਲ ਸੰਸਥਾ ਦਾ ਰੂਪ ਧਾਰਨ ਕਰ ਚੁੱਕਿਆ ਹੈ ਅਤੇ ਉਸ ਦੀਆਂ ਪੰਜਾਬ ਵਿੱਚ ਕਈ ਬਰਾਂਚਾਂ ਬਣੀਆਂ ਹੋਈਆਂ ਹਨ।ਭਗਤ ਜੀ ਨੇ ਇਸ ਸੰਸਥਾ ਵਿੱਚ ਨਿਤਾਣੇ, ਨਿਆਸਰੇ ਰੋਗੀਆਂ ਨੂੰ ਦਾਖਲ ਕੀਤਾ। ਭਗਤ ਜੀ ਨੂੰ ਸਿੱਖ ਪੰਥ ਦੇ ਗੁਰਦੁਆਰਿਆਂ ਦੀਆਂ ਰੱਬੀ ਬਰਕਤਾਂ ਤੇ ਅਥਾਹ ਵਿਸ਼ਵਾਸ ਸੀ। ਭਗਤ ਜੀ ਹਰ ਵੇਲੇ ਅਕਾਲ ਪੁਰਖ ਦੀ ਸ਼ੁਕਰਾਨੇ ਵਿੱਚ ਰਹਿੰਦੇ ਸਨ ਅਤੇ ਸਮਝਦੇ ਸਨ ਕਿ ਗੁਰੂ ਮਹਾਰਾਜ ਦੀ ਅਥਾਹ ਕਿਰਪਾ ਬਗੈਰ ਉਹ ਪਿੰਗਲਵਾੜੇ ਜਿਹੀ ਮਹਾਨ ਸੰਸਥਾ ਦੀ ਸ਼ੁਰੂਆਤ ਕਰਕੇ ਇਸ ਨੂੰ ਚਲਾਉਣ ਤੋਂ ਅਸਮਰਥ ਰਹਿੰਦੇ।

ਭਗਤ ਜੀ ਦੀ ਸਮਾਜ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਉਹਨਾ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ 'ਪਦਮ ਸ਼੍ਰੀ' ਦੇ ਸਨਮਾਨ ਨਾਲ ਨਿਵਾਜਿਆ ਗਿਆ । ਉਹਨਾ ਨੂੰ 1991 ਵਿੱਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਲੁਧਿਆਣਾ ਵੱਲੋਂ ਭਾਈ ਘਨੱਈਆ ਅਵਾਰਡ, ਬੀ ਡੀ ਮੁਕੰਦ ਫਾਊਂਡੇਸ਼ਨ ਵੱਲੋਂ 1991 ਵਿੱਚ ਲੋਕ ਰਤਨ ਅਵਾਰਡ, 1991-92 ਵਿੱਚ ਭਾਰਤ ਸਰਕਾਰ ਵੱਲੋਂ ਕੌਮੀ ਸਦਭਾਵਨਾ ਅਵਾਰਡ ਪ੍ਰਦਾਨ ਕੀਤਾ ਗਿਆ।ਭਗਤ ਪੂਰਨ ਸਿੰਘ ਨੂੰ ਉਹਨਾ ਦੇ ਪਰਉਪਕਾਰੀ ਕਾਰਜਾਂ ਸਦਕਾ ਬਹੁਤ ਸਾਰੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੇ ਸਨਮਾਨਤ ਕੀਤਾ। 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਦੇ ਵਿਰੋਧ ਵਿੱਚ ਉਹਨਾ ਨੇ ਰੋਸ ਪ੍ਰਗਟ ਕਰਦੇ ਹੋਏ ਪਦਮ ਸ੍ਰੀ ਅਵਾਰਡ ਵਾਪਸ ਕਰ ਦਿੱਤਾ ਸੀ। ਭਗਤ ਪੂਰਨ ਸਿੰਘ 5 ਅਗਸਤ 1992 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਭਗਤ ਜੀ ਦੀ ਅੰਤਮ ਅਰਦਾਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕਮੇਟੀ ਵੱਲੋਂ ਪਿੰਗਲਵਾੜੇ ਨੂੰ 25000 ਰੁਪਏ ਮਾਸਿਕ ਸਹਾਇਤਾ ਦਿੱਤੀ ਜਾਇਆ ਕਰੇਗੀ। ਸ਼੍ਰੋਮਣੀ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਦੀ ਯਾਦ ਵਿੱਚ 'ਸ਼੍ਰੋਮਣੀ ਸੇਵਾ ਸਨਮਾਨ' ਵੀ ਸ਼ੁਰੂ ਕੀਤਾ ਗਿਆ। 'ਪੰਜਾਬ ਹੈਰੀਟੇਜ ਆਰਗੇਨਾਈਜ਼ੇਸ਼ਨ ਆਫ ਸ਼ਿਕਾਗੋ' ਨੇ ਵੀ 'ਭਗਤ ਪੂਰਨ ਸਿੰਘ ਸੇਵਾ ਪੁਰਸਕਾਰ' ਸ਼ੁਰੂ ਕੀਤਾ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ, 2004 ਨੂੰ ਭਗਤ ਪੂਰਨ ਸਿੰਘ ਦੀ ਯਾਦ ਵਿੱਚ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ।

ਮਾਨਵਤਾ ਦੇ ਮਸੀਹਾ ਭਗਤ ਪੂਰਨ ਸਿੰਘ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ ਵਿੱਚ ਮੌਜੂਦ ਨਹੀਂ ਹਨ, ਪਰ ਆਪਣੇ ਦੁਆਰਾ ਕੀਤੇ ਕਾਰਜਾਂ ਸਦਕਾ ਉਹ ਹਮੇਸ਼ਾ ਹੀ ਜੀਵਤ ਰਹਿਣਗੇ।ਭਗਤ ਪੂਰਨ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਪਿੰਗਲਵਾੜਾ ਸਮਾਜ ਵਿੱਚ ਆਪਣਿਆਂ ਵੱਲੋਂ ਹੀ ਦੁਰਕਾਰੇ ਗਏ ਸੈਂਕੜੇ ਲੋਕਾਂ ਲਈ ਪਨਾਹ ਦੀ ਜਗ੍ਹਾ ਹੈ, ਦੀਨ-ਦੁਖੀ ਅਤੇ ਨਿਆਸਰਿਆਂ ਲਈ ਆਸ ਦੀ ਕਿਰਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਲੋਕ ਭਲਾਈ ਦੇ ਕਾਰਜ ਵਿੱਚ ਕੁਝ ਨਾ ਕੁਝ ਆਪਣਾ ਯੋਗਦਾਨ ਪਾਈਏ।ਇਹੋ ਹੀ ਭਗਤ ਪੂਰਨ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

# ਸੰਪਰਕ : 97812-00168

# ਨੌਜਵਾਨ ਕਾਕਰੋਚ ਨਹੀਂ, ਯੋਧੇ ਹਨ


ਵਰਗਿਸ ਸਲਾਮਤ

ਕਿਹਾ ਜਾਂਦਾ ਹੈ ਕਿ ਤੁਹਾਡੇ ਬੋਲ ਹੀ ਤੁਹਾਡੀ ਸੋਚ ਦੇ ਮਾਪਕ ਹਨ ਅਤੇ ਸਿਆਣੇ ਸਾਨੂੰ ਹਮੇਸ਼ਾ ਤਾੜਦੇ ਰਹਿੰਦੇ ਹਨ ਕਿ ਪਹਿਲਾਂ ਤੋਲੋ ਫਿਰ ਬੋਲੋ। ਲਗਦਾ ਹੈ ਕਿ ਚੀਫ ਜਸਟਿਸ ਆਫ ਇੰਡੀਆ ਨੇ ਕਿਸੇ ਖਾਸ ਸੋਚ ਦੇ ਪ੍ਰਭਾਵ ਹੇਠ ਜਾਂ ਫਿਰ ਆਪਣੇ ਵੱਡੇ ਆਹੁਦੇ ਦੇ ਘੁਮੰਡ ਵਿਚ ਸਿਆਣਿਆਂ ਦੀਆਂ ਗੱਲਾਂ ਨੂੰ ਮੰਨਣਾ ਵਾਜਿਬ ਨਹੀ ਸਮਝਿਆ। ਉਹਨਾਂ ਜੋ ਕਿਹਾ ਉਸ ਨਾਲ ਮਾਣਯੋਗ ਜੱਜ ਸਾਹਿਬ ਨੇ ਆਪ ਹੀ ਆਪਣੇ ਸੰਵਿਧਾਨਿਕ ਅਹੁਦੇ ਅਤੇ ਨਿਆਂਪਾਲਿਕਾ ਦੀ ਗਰਿਮਾ ਨੂੰ ਇਤਿਹਾਸਕ ਢਾਅ ਲਗਾਈ ਹੈ। ਉਹਨਾ ਦੇ ਮੁਖ ਦੇ ਸ਼ਬਦ ਸਨ, 'ਕੁੱਛ ਯੁਵਾ ਐਸੇ ਹੈਂ, ਜੋ ਰੋਜ਼ਗਾਰ ਨਹੀਂ ਮਿਲਨੇ ਔਰ ਪੇਸ਼ੇ ਮੇਂ ਜਗਾਹ ਨਾ ਬਨਾ ਪਾਨੇ ਕੇ ਕਾਰਨ ਕਾਕਰੋਚ ਕੀ ਤਰਹ ਹਰ ਜਗਹ ਫੈਲ ਜਾਤੇ ਹੈ,ਉਨ ਮੇਂ ਸੇ ਕੁਛ ਮੀਡੀਆ ਬਨ ਜਾਤੇ ਹੈ, ਕੁਛ ਸੋਸ਼ਲ ਮੀਡੀਆ ਪਰ ਸਕ੍ਰੀਆ ਹੋ ਜਾਤੇ ਹੈਂ , ਕੁਛ ਆਰ. ਟੀ.ਆਈ. ਕਾਰਿਆਕਰਤਾ ਬਨ ਜਾਤੇ ਹੈ, ਕੁੱਛ ਦੂਸਰੇ ਤਰਾਂ ਕੇ ਐਕਟੀਵਿਸਟ ਬਨ ਜਾਤੇ ਹੈਂ, ਔਰ ਫਿਰ ਹਰ ਕਿਸੀ ਪਰ ਹਮਲਾ ਸ਼ੁਰੂ ਕਰ ਦੇਤੇ ਹੈ।' ਬਾਅਦ ਵਿਚ ਆਪਣੇ ਹੀ ਸ਼ਬਦਾਂ ਦੀ ਸਫਾਈ ਦੇਣ ਵਾਸਤੇ ਨਕਲੀ ਡਿਗਰੀਆਂ ਦੇ ਬਿਆਨਾਂ ਵਿਚ ਉਲਝ ਗਏ। ਸਰਗਰਮ ਅਤੇ ਸੰਵੇਦਨਸ਼ੀਲ ਵਿਸ਼ਸ਼ਲੇਸ਼ਕਾਂ ਨੇ ਇਸ ਨੂੰ ਮੰਦਭਾਗਾ ਮੰਨਿਆ ਹੈ। ਆਪਣੀ ਇਸ ਟਿਪਣੀ ਵਿਚ ਯੁਵਾ ਨੂੰ ਕਾਕਰੋਚ ਤਾਂ ਕਿਹਾ ਹੀ ਹੈ, ਨਾਲ ਹੀ ਮੀਡੀਆ, ਸੋਸ਼ਲ ਮੀਡੀਆ, ਸਮਾਜਿਕ ਐਕਟੀਵਿਸਟ ਅਤੇ ਵਿਸ਼ੇਸ਼ਕਰ ਆਰ ਟੀ ਆਈ ਪਾ ਕੇ ਤਾਰਕਿਕ ਤੱਥ ਇਕੱਠੇ ਕਰਨ ਵਾਲੇ ਅਰਥਾਤ ਸਥਾਪਨਾ ਦੇ ਸਾਮ੍ਹਣੇ ਤੱਥਾਂ,ਤਰਕਾਂ ਅਤੇ ਤਕਰੀਰਾਂ ਨਾਲ ਗੱਲ ਕਰਨ ਵਾਲੇ ਲੋਕ ਜੋ ਅਸਲ ਵਿਚ ਪਰਤੱਖ-ਅਪਰਤੱਖ ਮੀਡੀਆ ਹੀ ਹੈ, ਫਿਰ ਭਾਵੇਂ ਗੋਦੀ ਮੀਡੀਆ ਜਿੰਨਾ ਮਰਜ਼ੀ ਆਪਣੇ ਆਪ ਨੂੰ ਕਾਕਰੋਚ ਨਾ ਸਮਝ ਕੇ ਗੋਦੀ ਨਾਲ ਚਿਪਕਿਆ ਰਹੇ, ਕਿਹਾ ਉਹਨਾਂ ਸਾਰਿਆਂ ਨੂੰ ਹੈ।

ਦੂਜੇ ਪਾਸੇ ਬਹੁਮਤਵਾਦ ਦੇ ਘੁਮੰਡ ਵਿਚ ਸੱਤਾਧਾਰੀ ਪਾਰਟੀ ਦੇ ਨੇਤਾ ਵੀ ਲਗਾਤਾਰ ਘੱਟ-ਗਿਣਤੀਆਂ, ਬੇਰੁਜ਼ਗਾਰ ਨੌਜਵਾਨਾਂ , ਔਰਤਾਂ ਅਤੇ ਨਿਰਪੱਖ , ਬੇਬਾਕ ਅਤੇ ਸੁਤੰਤਰ ਮੀਡੀਆ ਬਾਰੇ ਕਈ ਇਤਰਾਜ਼ਯੋਗ ਟਿਪਣੀਆਂ ਕਰਦੇ ਰਹਿੰਦੇ ਹਨ। ਰਾਜਨੀਤੀਵਾਨਾਂ ਬਾਰੇ ਤਾਂ ਮੰਨਿਆ ਜਾ ਸਕਦਾ ਕਿ ਇਕ ਸੱਤਾ ਦਾ ਨਸ਼ਾ, ਦੂਜਾ ਬਹੁਮਤਵਾਦ ਦਾ ਘੁਮੰਡ ਅਤੇ ਤੀਜਾ ਉਹਨਾਂ ਦੀ ਆਕਾ ਸੰਸਥਾ ਦੀ ਸਕੂਲਿੰਗ ਦੇ ਸਬਕ ਹੀ ਅਜਿਹੇ ਹਨ, ਜੋ ਫਿਰਕੂ ਧਰੁਵੀਕਰਨ ਕਰਕੇ ਆਪਣੇ ਫਾਇਦੇ ਦੀ ਰਾਜਨੀਤੀ ਕਰਦੇ ਰਹਿੰਦੇ ਹਨ, ਪਰ ਜੱਜ ਸਾਹਿਬ ਦੀ ਉੱਕਤ ਟਿੱਪਣੀ ਤਾਂ ਹੈਰਾਨ ਕਰਨ ਵਾਲੀ, ਗੈਰ ਸੰਵਿਧਾਨਿਕ ਹੈ ਅਤੇ ਲੋਕਤੰਤਰਿਕ ਵਿਵਸਥਾ 'ਚ ਉੱਚ ਅਹੁਦਿਆਂ ਦਾ ਨਿਘਾਰ ਹੈ।

ਕੁਦਰਤੀ ਸੀ ਕਿ ਮਾਣਯੋਗ ਜੱਜ ਸਾਹਿਬ ਦੀ ਅਜਿਹੀ ਨਾਕਾਰਾਤਮਕ ਟਿੱਪਣੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਅਤੇ ਸੰਵੇਦਨਸ਼ੀਲ ਲੋਕਾਂ ਨੂੰ ਚੁਭਣੀ ਹੀ ਚੁਭਣੀ ਸੀ, ਜਿਸਦੀ ਪਹਿਲ ਅਮਰੀਕਾ 'ਚ ਪੜ੍ਹਾਈ ਕਰਨ ਗਏ ਨੌਜਵਾਨ ਅਭੀਜੀਤ ਦੀਪਕੇ ਨੇਵਿਅੰਗਾਤਮਕ ਅਲੋਚਨਾ ਦੇ ਰੂਪ 'ਚ ਸਧਾਰਨ ਪ੍ਰਤੀਕਿਰਿਆ ਵਜੋਂ ਸੋਸ਼ਲ ਮੀਡੀਆ 'ਚ ਕੀਤੀ। ਉਸ ਨੇ ਹਲਕੇ ਵਿਚ ਸੋਚਿਆ ਹੋਣਾ ਕਿ ਭਾਰਤ ਵਿਚ ਤਾਂ ਅਜਿਹਾ ਹੋਣਾ ਰੋਜ਼ ਦਾ ਕੰਮ ਹੈ। ਕਦੇ ਉਥੇ ਆਮ ਲੋਕਾਂ ਨੂੰ ਪਰਜੀਵੀ, ਕਦੇ ਵੋਟਜੀਵੀ, ਪਤਾ ਨਹੀ ਕਿਹੜੇ-ਕਿਹੜੇ ਜੀਵੀ ਕਹਿ ਕੇ ਜਾਤੀ-ਪਾਤੀ ਨਾਲ ਨਿਵਾਜ਼ਿਆ ਜਾਂਦਾ ਹੈ ਜਾਂ ਫਿਰ ਹਿੰਦੂ-ਮੁਸਲਿਮ ਕਰਕੇ ਧਰੁਵੀਕਰਨ ਕਰਨਾ ਆਮ ਏਜੰਡਾ ਹੈ। ਉਸ ਨੂੰ ਕਤਿਹ ਇਹ ਪਤਾ ਨਹੀ ਸੀ ਕਿ ਉਸ ਦੀ ਕਾਕਰੋਚ ਜਨਤਾ ਪਾਰਟੀ ਵਾਲੀ ਪੋਸਟ ਨੂੰ ਵਿਸ਼ਵ ਪੱਧਰ 'ਤੇ ਇਸ ਤਰਾਂ ਹੁੰਗਾਰਾ ਮਿਲ ਜਾਵੇਗਾ।

ਇਤਿਹਾਸ ਗਵਾਹ ਹੈ ਕਿ ਦੁਨੀਆ 'ਚ ਜਿੰਨੀਆਂ ਵੀ ਕ੍ਰਾਂਤੀਆਂ ਹੋਈਆਂ ਹਨ, ਉਹਨਾਂ ਵਿਚ ਨੌਜਵਾਨਾਂ ਦਾ ਹੀ ਯੋਗਦਾਨ ਸਭ ਤੋਂ ਵੱਧ ਰਿਹਾ ਹੈ। ਭਾਵੇਂ ਉਹ ਸੰਨ 1775-83 ਦੀ ਅਮਰੀਕਾ ਦੀ ਕ੍ਰਾਂਤੀ ਸੀ ਜਾਂ ਸੰਨ 1789 ਫਰਾਂਸ ਦੀ ਕ੍ਰਾਂਤੀ ਅਤੇ ਜਾਂ ਫਿਰ ਸੰਨ 1917 ਦੀ ਰੂਸ ਦੀ ਕ੍ਰਾਂਤੀ ਹੋਵੇ ਅਤੇ ਭਾਵੇਂ ਭਾਰਤ ਦਾ ਆਜ਼ਾਦੀ ਲਈ ਲੰਮਾ ਸੰਘਰਾਮ ਹੋਵੇ। ਨੌਜਵਾਨਾਂ ਨੇ ਹਰ ਤਰਾਂ ਦੇ ਸੰਗਰਾਮਾਂ ਦੀ ਭੂਮਿਕਾ ਸੰਗਠਿਤ ਰੂਪ ਵਿਚ ਨਿਭਾਈ ਹੈ। ਰੋਜ਼ਗਾਰ, ਸਮਾਨਤਾ ,ਆਜ਼ਾਦੀ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਲਈ ਉਸ ਵੇਲੇ ਦੀ ਨੌਜਵਾਨ ਪੀੜ੍ਹੀ ਨੇ ਕੁਰਬਾਨੀਆਂ ਤੱਕ ਦੇ ਕੇ ਅਹਿਮ ਭੂਮਿਕਾ ਨਿਭਾਈ। ਭਾਰਤ ਦੁਆਰਾ ਬ੍ਰਿਟਿਸ਼ ਸਰਕਾਰ ਵਿਰੁੱਧ ਅਜ਼ਾਦੀ ਲਈ ਲੜੇ ਜਾਣ ਵਾਲੇ ਲੰਮੇ ਸੰਘਰਸ਼ ਵਿਚ ਵੀ ਨੌਜਵਾਨਾਂ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਸੀ। ਉਹਨਾਂ ਦੀ ਸਰਗਰਮ ਭਾਗੀਦਾਰੀ, ਬਲੀਦਾਨ ਅਤੇ ਰਾਜਨੀਤਕ ਚੇਤਨਾ ਹੀ ਸੀ, ਜਿਸ ਨੇ ਅੰਗਰੇਜ਼ ਹਕੂਮਤ ਨੂੰ ਭਾਰਤ ਛੱਡ ਕੇ ਜਾਣ ਲਈ ਮਜਬੂਰ ਕੀਤਾ। ਕਰਤਾਰ ਸਿੰਘ ਸਰਾਭਾ (19),ਖੁਦੀ ਰਾਮ ਬੋਸ (19) ਭਗਤ ਸਿੰਘ (23), ਊਧਮ ਸਿੰਘ (40) ਸਾਲ ਦਾ ਸੀ, ਇਥੋਂ ਤੱਕ ਕਿ ਟੀਨ-ਏਜ਼ਰ ਕਾਲੀ ਬਾਈ (12),ਬਾਜ਼ੀ ਰਾਊਤ (12) ਅਤੇ 16 ਸਾਲ ਦੀ ਕਨਕਰਤਾ ਬਰੂਆ ਆਦਿ ਅੱਜ ਦੇ ਜਵਾਨਾਂ ਲਈ ਕੁਰਬਾਨੀ ਦੀਆਂ ਮਿਸਾਲਾਂ ਅਤੇ ਮਸ਼ਾਲਾਂ ਹਨ। ਚੇਤਨਾ ਪੱਧਰ ਦੀ ਗੱਲ ਕਰੀਏ ਤਾਂ ਉਸ ਵੇਲੇ ਦੀ ਗ਼ਦਰ ਅਖਬਾਰ ਛਾਪਣ ਵਾਲੀ ਟੀਮ ਜਵਾਨਾਂ ਦੀ ਮਹਿਜ਼ ਜ਼ੁੰਡਲੀ ਨਹੀ ਸੀ। ਚੇਤਨ, ਚਿੰਤਕ ਅਤੇ ਚੁਸਤ ਨੌਜਵਾਨਾਂ ਦਾ ਸੰਗਠਨ ਸੀ। ਜੋ ਰਾਤੋ-ਰਾਤ ਮਸਲਿਆਂ, ਮੁੱਦਿਆਂ ਅਤੇ ਮਾਮਲਿਆਂ ਨੂੰ ਲੋਕਾਂ ਤੱਕ ਪਹੰਚਾਉਂਦੇ ਸਨ। ਭਗਤ ਸਿੰਘ ਅਤੇ ਸਾਥੀਆਂ ਨੇ ਯੋਜਨਾਬਧ ਤਰੀਕੇ ਨਾਲ ਖਾਲੀ ਥਾਂ ਵੇਖ ਕੇ ਸੰਸਦ ਦੇ ਵਿਚ ਬੰਬ ਸੁੱਟੇ ਅਤੇ ਆਪ ਆਪਣੀ ਗਿਰਫਤਾਰੀ ਦਿੱਤੀ ।

ਦੁਨੀਆ ਦੇ ਹਰੇਕ ਦੇਸ਼ ਦੀ ਸਰਕਾਰ ਭਾਵੇਂ ਉਹ ਕਿਸੇ ਵੀ ਰੂਪ 'ਚ ਹੋਵੇ, ਉਸ ਦੇ ਤਿੰਨ ਅੰਗ ਹੁੰਦੇ ਹਨ: ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ। ਭਾਰਤੀ ਲੋਕਤੰਤਰ ਦੇ ਲਿਖਤੀ ਸੰਵਿਧਾਨ ਵਿਚ ਇਹਨਾਂ ਤਿੰਨਾਂ ਅੰਗਾਂ ਨੂੰ ਲੋਕਤੰਤਰ ਦੇ ਤਿੰਨ ਪਿੱਲਰ (ਥੰਮ੍ਹ) ਦੱਸਿਆ ਗਿਆ ਹੈ ਅਤੇ ਇਹਨਾਂ ਤਿੰਨਾਂ ਦੀ ਆਜਾਦੀ ਦੀ ਮੀਟਰਿੰਗ ਅਤੇ ਵਿਸ਼ਲੇਸ਼ਣ ਕਰਨ ਵਾਲੀ ਪ੍ਰੈੱਸ ਅਰਥਾਤ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਨਿਵਾਜਿਆ ਗਿਆ ਹੈ। ਜੇ ਵਿਧਾਨ ਪਾਲਿਕਾ ਸਾਕਾਰਾਤਮਕ, ਸੰਵਿਧਾਨਿਕ ਅਤੇ ਨਿਰਪੱਖ ਹੋਵੇਗੀ ਤਾਂ ਕਾਰਜ ਪਾਲਿਕਾ ਆਪਣੇ ਆਪ ਹੀ ਸਾਕਾਰਾਤਮਕ, ਚੁਸਤ ਅਤੇ ਸਾਫ-ਸੁਥਰੀ ਹੋਵੇਗੀ ਅਤੇ ਨਿਆਂ ਪਾਲਿਕਾ ਓਨੀ ਹੀ ਸੁਤੰਤਰ , ਨਿਰਪੱਖ ਅਤੇ ਮਜ਼ਬੂਤ ਹੋਵੇਗੀ। ਇਹਨਾਂ ਤਿੰਨਾਂ ਦਾ ਆਪਸੀ ਸੰਵਿਧਾਨਿਕ ਸਹਿਯੋਗ ਹੀ ਦੇਸ਼ ਨੂੰ ਮਜ਼ਬੂਤ ਬਣਾਉਂਦਾ ਹੈ। ਚੌਥਾ ਥੰਮ੍ਹ ਹੈ ਪ੍ਰੈੱਸ, ਪ੍ਰੈੱਸ ਦੀ ਸੁਤੰਤਰਤਾ ਅਤੇ ਨਿਰਪਖਤਾ ਲੋਕਤੰਤਰੀ ਪ੍ਰਣਾਲੀ ਦੀ ਆਤਮਾ ਹੁੰਦੀ ਹੈ।

ਪਿਛਲੀ ਸਦੀ ਦੇ ਅੰਤਲੇ ਦਹਾਕੇ ਵਿਚ ਵਿਸ਼ਵੀਕਰਨ ਦੇ ਬੈਨਰ ਹੇਠ ਨਿਜ਼ੀਕਰਨ ,ਉਦਾਰੀਕਰਨ ਅਤੇ ਮੰਡੀਕਰਨ ਨੇ ਦੁਨੀਆਂ ਨੂੰ ਹੋਰ ਹੀ ਪਾਸੇ ਤੋਰ ਛੱਡਿਆ ਹੈ।ਸੰਸਾਰ ਦੀ ਸੰਚਾਰ ਕ੍ਰਾਂਤੀ ਦੇ ਮੀਡੀਆਕਰਨ ਨੇ ਭਾਵੇਂ ਦੇਸ਼ਾਂ 'ਚ ਨੇੜਤਾ ਅਤੇ ਆਪਸੀ-ਨਿਰਭਰਤਾ ਵਧਾਈ ਹੈ ਪਰ ਸਾਮਰਾਜਵਾਦ ਨੂੰ ਬਹੁਤ ਜ਼ਿਆਦਾ ਅਤੇ ਲਗਾਤਾਰ ਮਜਬੂਤ ਕੀਤਾ ਹੈ। ਨਤੀਜਨ ਵਿਸਵਭਰ ਵਿਚ ਅਮੀਰੀ ਗ਼ਰੀਬੀ ਨਿੱਜੀਕਰਨ ,ਉਦਾਰੀਕਰਨ ਅਤੇ ਮੰਡੀਕਰਨ ਨੇ ਰਾਜਨੀਤੀਵਾਨਾਂ, ਉਦਯੋਗਪਤੀਆਂ, ਨੌਕਰਸ਼ਾਹਾਂ, ਧਾਰਮਿਕ ਲੀਡਰ ਅਤੇ ਮਾਫੀਆ ਦਾ ਮਜ਼ਬੂਤ ਗਠਜੋੜ ਬਣ ਚੁੱਕਾ ਹੈ। ਇਹਨਾਂ ਨੀਤਿਆਂ ਦਾ ਨਤੀਜਾ ਹੈ ਕਿ ਸੰਸਾਰ ਵਿਚ ਦੇਸ਼ਾਂ ਦੀਆਂ ਜੰਗਾਂ ਕਰਵਾਈਆਂ ਜਾ ਰਹੀਆਂ ਹਨ ਅਤੇ ਆਪਣੇ ਫਾਇਦੇ ਦੀ ਰਾਜਨੀਤੀ ਕਰਕੇ ਇਕ-ਦੂਜੇ ਨੂੰ ਪਿੱਛੇ ਛੱਡਣ ਦੀ ਦੌੜ ਦੌੜੀ ਜਾ ਰਹੀ ਹੈ। ਜਿੰਨੀ ਹੀ ਦੇਸ਼ਾਂ ਦੀ ਆਪਸੀ ਨਿਰਭਰਤਾ ਵਧੀ ਹੈ, ਓਨਾ ਹੀ ਦੇਸ਼ਾਂ ਦਾ ਵਿਸ਼ਵਾਸ ਘਟ ਗਿਆ ਹੈ।

ਭਾਰਤ ਦੇਸ਼ ਦੁਨੀਆ ਦੀ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਹੈ। ਇਸ ਲਈ ਇਸ ਦੀ ਨੌਜਵਾਨ ਅਬਾਦੀ ਵੀ ਸਭ ਤੋਂ ਵੱਧ ਹੈ। ਭਾਰਤ ਵਿਚ 15-29 ਸਾਲ ਵਾਲੀ ਲਗਭਗ 37-38 ਕਰੋੜ ਹੈ, ਜੋ ਕੁਲ ਆਬਾਦੀ ਦਾ 27-27 ਪ੍ਰਤੀਸ਼ਤ ਬਣਦਾ ਹੈ। ਇਸ ਤੋਂ ਇਲਾਵਾ 65 ਪ੍ਰਤੀਸ਼ਤ ਤੋਂ ਵੱਧ ਅਬਾਦੀ 35 ਸਾਲ ਤੋਂ ਘਟ ਉਮਰ ਵਾਲਿਆਂ ਦੀ ਹੈ। ਮਜ਼ੇਦਾਰ ਅਤੇ ਚੰਗੀ ਗੱਲ ਇਹ ਵੀ ਹੈ ਭਾਰਤ ਦੇ ਲੋਕਾਂ ਦਾ ਲੋਕਤੰਤਰ ਵਿਚ ਪੂਰਾ ਵਿਸ਼ਵਾਸ ਹੈ। ਭਾਵੇਂ ਭਾਰਤ ਵਿਚ ਨੌਜਵਾਨਾਂ ਦਾ ਵੱਡਾ ਵਰਗ ਹੈ, ਪਰ ਉਹ ਦਿਸ਼ਾਹੀਣ ਨਹੀਂ ਅਤੇ ਨਾ ਹੀ ਅੱਲ੍ਹੜਪੁਣੇ ਦਾ ਸ਼ਿਕਾਰ ਹੈ। ਹਾਂ, ਜਾਤਾਂ-ਪਾਤਾਂ ਦਾ ਸ਼ਿਕਾਰ ਜ਼ਰੂਰ ਹੈ।ਜਿਸ ਦਿਨ ਉਹ ਇਸ ਭਟਕਣ ਵਿੱਚੋਂ ਨਿਕਲ ਗਿਆ, ਬਦਲਾਵ ਆਏਗਾ ਹੀ ਆਏਗਾ।

